ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 11 ISSUE : 37 SATURDAY, 16 SEPTEMBER, 2023

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਟਰੂਡੋ ਸਰਕਾਰ ਹਰ ਫਰੰਟ 'ਤੇ ਨਾਕਾਮ-ਪੋਲੀਵਰ

## ਬੀ. ਸੀ. ਪੰਜਾਬੀ ਪ੍ਰੈੱਸ ਕਲੱਬ ਨਾਲ ਵਿਸ਼ੇਸ਼ ਮਿਲਣੀ

ਸਰੀ (ਸੁਖਵਿੰਦਰ ਸਿੰਘ ਚੋਹਲਾ)-ਬੀਤੇ ਦਿਨ ਬੀਸੀ ਪੰਜਾਬੀ ਪ੍ਰੈਸ ਕਲੱਬ ਵਲੋਂ ਕੈਨੇਡਾ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਨਾਲ ਇਕ ਵਿਸ਼ੇਸ਼ ਮਿਲਣੀ ਦੌਰਾਨ ਉਹਨਾਂ ਵਲੋਂ ਕੈਨੇਡਾ ਦੀ ਮੌਜੂਦਾ ਰਾਜਸੀ, ਆਰਥਿਕ ਅਤੇ ਸੰਕਟਮਈ ਸਥਿਤੀ ਬਾਰੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਟਰੂਡੋ ਸਰਕਾਰ ਨੂੰ ਹਰ ਫਰੰਟ ਉਪਰ ਨਾਕਾਮ ਸਰਕਾਰ ਕਰਾਰ ਦਿੱਤਾ। ਉਹਨਾਂ ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਮੁਲਕ ਸਾਹਮਣੇ ਦਰਪੇਸ਼ ਚੁਣੌਤੀਆਂ, ਲੋਕਾਂ ਨੂੰ ਪੈ ਰਹੀ ਮਹਿੰਗਾਈ ਦੀ ਮਾਰ, ਰਿਹਾਇਸ਼ੀ ਸੰਕਟ, ਬੈਂਕ ਵਿਆਜ਼ ਦਰਾਂ ਵਿਚ ਭਾਰੀ ਵਾਧਾ, ਮੌਰਟਗੇਜ਼ ਦਰਾਂ ਵਿਚ ਵਾਧਾ, ਕੌਮਾਂਤਰੀ ਵਪਾਰ ਵਿਚ ਮੰਦੀ, ਡਰੱਗ ਸਮੱਸਿਆ, ਹਿੰਸਾ, ਇਮੀਗ੍ਰੇਸ਼ਨ ਨੀਤੀ, ਕੌਮਾਂਤਰੀ ਵਿਦਿਆਰਥੀਆਂ ਦੀ ਆਮਦ, ਉਹਨਾਂ ਨਾਲ ਏਜੰਟਾਂ ਦੁਆਰਾ ਧੋਖਾਧੜੀ ਤੇ ਇਹਨਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਟਰੂਡੋ ਸਰਕਾਰ ਕੋਲ ਸਮਝ ਅਤੇ ਸਹੀ ਨੀਤੀਆਂ ਦੀ ਘਾਟ ਦੀ ਗੱਲ ਕਰਦਿਆਂ ਕੰਸਰਵੇਟਿਵ ਵਲੋਂ ਕੈਨੇਡੀਅਨ ਲੋਕਾਂ ਨੂੰ ਸੰਕਟ ਚੋ ਕੱਢਣ ਲਈ ਆਪਣੀ ਯੋਜਨਾਬੰਦੀ ਦਾ ਖੁਲਾਸਾ ਕੀਤਾ। ਉਹਨਾਂ ਕਿਹਾ ਕਿ ਟਰੂਡੋ ਸਰਕਾਰ ਨੇ ਬਿਨਾਂ ਕਿਸੇ ਠੋਸ ਯੋਜਨਾਬੰਦੀ ਦੇ ਕਰੰਸੀ ਨੋਟ ਛਾਪਕੇ ਮੁਦਰਾ ਸਫੀਤੀ ਤੇ ਮਹਿੰਗਾਈ ਨੂੰ ਸੱਦਾ ਦਿੱਤਾ ਹੈ। ਬੈਂਕ ਵਿਆਜ਼ ਦਰਾਂ ਵਿਚ ਇਤਨਾ ਵਾਧਾ ਹੋ ਚੁੱਕਾ ਹੈ ਕਿ ਅੱਜ ਲੋਕਾਂ ਨੂੰ ਘਰਾਂ ਦੀ ਮੌਰਟਗੇਜ਼ ਅਦਾ ਕਰਨਾ ਮੁਸ਼ਕਲ ਹੋ ਗਿਆ ਹੈ। ਰਿਹਾਇਸ਼ੀ ਘਰਾਂ ਦੀ ਖਰੀਦ ਲੋਕਾਂ ਦੀ ਪੁਹੰਚ ਤੋ ਬਾਹਰ ਹੋ ਗਈ ਹੈ। ਘਰਾਂ ਦੀ ਕੀਮਤ ਇਤਨੀ ਵਧ ਗਈ ਹੈ ਕਿ ਟੋਰਾਂਟੋ ਦੇ ਕਿਚਨਰ ਏਰੀਏ ਵਿਚ ਦੋ ਬੈਡਰੂਮ ਦੇ ਇਕ ਸਧਾਰਣ ਘਰ ਦੀ ਕੀਮਤ ਦੇ ਬਰਾਬਰ ਯੂਰਪ ਦੇ ਸਵੀਡਨ ਵਰਗੇ ਮੁਲਕ ਵਿਚ ਵੱਡਾ ਮਹਿਲ ਨੁਮਾਂ ਘਰ ਖਰੀਦਿਆ ਜਾ ਸਕਦਾ ਹੈ। ਉਹਨਾਂ ਟਰੂਡੋ ਸਰਕਾਰ ਨੂੰ ਹਰ ਫਰੰਟ ਉਪਰ ਫੇਲ ਕਰਾਰ ਦਿੰਦਿਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੰਸਰਵੇਟਿਵ ਸਰਕਾਰ ਦੀ

(ਬਾਕੀ ਸਫਾ 10 'ਤੇ)





For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿਚ
- ਰੇਜੀਡੇਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

Experienced lawyers for your legal needs.

@stalawyers

BBB ACCREDITED BUSINESS

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 37 SATURDAY, 16 SEPTEMBER, 2023
www.punjablinkpaper.com 604-503-5465

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

# 'ਇੰਡੀਆ' ਗਠਜੋੜ ਵਲੋਂ 14 ਟੀ.ਵੀ. ਐਂਕਰਾਂ ਦੇ ਸ਼ੋਅਜ਼ ਦੇ ਬਾਈਕਾਟ ਦਾ ਫ਼ੈਸਲਾ

ਨਵੀਂ ਦਿੱਲੀ (ਦਿਓਲ)-ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਨੇ ਐਲਾਨ ਕੀਤਾ ਹੈ ਕਿ ਉਹ ਵੱਖ ਵੱਖ ਟੀਵੀ ਚੈਨਲਾਂ ਦੇ 14 ਐਂਕਰਾਂ ਦੇ ਸ਼ੋਅਜ਼ ਦਾ ਬਾਈਕਾਟ ਕਰੇਗਾ। ਭਾਜਪਾ ਨੇ ਇਸ ਫ਼ੈਸਲੇ ਦੀ ਐਮਰਜੈਂਸੀ ਨਾਲ ਤੁਲਨਾ ਕੀਤੀ ਹੈ। 'ਇੰਡੀਆ' ਦੀ ਮੀਡੀਆ ਕਮੇਟੀ ਨੇ 14 ਪੱਤਰਕਾਰਾਂ ਦੇ ਪ੍ਰੋਗਰਾਮਾਂ ਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਹੈ ਤੇ ਆਪਣੇ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਬਹਿਸ ਵਾਲੇ ਪ੍ਰੋਗਰਾਮਾਂ 'ਚ ਨਹੀ ਭੇਜਿਆ ਜਾਵੇਗਾ। ਕਾਂਗਰਸ ਤਰਜਮਾਨ ਪਵਨ ਖੇੜਾ ਨੇ ਇਸ ਐਕਸ਼ਨ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਕੁਝ ਚੈਨਲਾਂ ਨੇ ਪਿਛਲੇ 9 ਸਾਲਾਂ ਤੋਂ 'ਨਫ਼ਰਤ ਦਾ ਬਾਜ਼ਾਰ' ਫੈਲਾਇਆ ਹੋਇਆ ਹੈ। 'ਇੰਡੀਆ' 'ਚ ਸ਼ਾਮਲ ਪਾਰਟੀਆਂ ਨੇ 'ਨਫ਼ਰਤ ਨਾਲ ਭਰੇ ਬਿਰਤਾਂਤ' ਨੂੰ ਜਾਇਜ਼ ਨਾ ਠਹਿਰਾਉਣ ਦਾ ਫ਼ੈਸਲਾ ਲਿਆ ਹੈ ਜੋ ਸਮਾਜ ਨੂੰ ਖੋਰਾ ਲਾ ਰਿਹਾ ਹੈ। ਖੇੜਾ ਨੇ ਕਿਹਾ ਕਿ ਇਹ ਫ਼ੈਸਲਾ ਲੈਣ ਪਿੱਛੇ ਇਹੋ ਆਧਾਰ ਸੀ ਕਿਉਂਕਿ ਸਮਾਜ 'ਚ ਨਫ਼ਰਤ ਫੈਲਾਉਣ ਦੀ ਕਿਸੇ ਵੀ ਕਾਰਵਾਈ 'ਚ ਉਹ ਧਿਰ ਨਹੀਂ ਬਣਨਾ ਚਾਹੁੰਦੇ ਹਨ। ਖੇੜਾ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਵੀ ਐਂਕਰ ਨਾਲ ਕੋਈ ਵਿਰੋਧ ਨਹੀਂ ਹੈ ਪਰ ਉਹ ਕਿਸੇ ਵੀ ਅਜਿਹੀ ਕੋਸ਼ਿਸ਼ 'ਚ ਧਿਰ ਨਹੀਂ ਬਣਨਾ ਚਾਹੁਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਐਂਕਰ ਆਪਣੇ ਅੰਦਰ ਝਾਤ ਮਾਰ ਕੇ ਕੁਝ ਸਹੀ ਕਦਮ ਜ਼ਰੂਰ ਚੁਕਣਗੇ। ਉਧਰ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ 'ਇੰਡੀਆ' ਦੇ ਫ਼ੈਸਲੇ ਦੀ ਤੁਲਨਾ ਐਮਰਜੈਂਸੀ ਨਾਲ ਕਰਦਿਆਂ ਕਿਹਾ ਕਿ ਇਹ ਮੀਡੀਆ ਦੇ ਹੱਕਾਂ 'ਤੇ ਰੋਕ ਲਾਉਣ ਦੇ ਤੁੱਲ ਹੈ। ਉਨ੍ਹਾਂ 'ਐਕਸ' 'ਤੇ ਕਿਹਾ ਕਿ ਇਸ ਫ਼ੈਸਲੇ ਨਾਲ 'ਇੰਡੀਆ' ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ।




ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਐਂਕਰਾਂ ਦੇ ਸ਼ੋਅ 'ਚ ਨਾ ਜਾਣ ਦੇ ਫ਼ੈਸਲੇ ਨਾਲ

## ਇਨ੍ਹਾਂ ਐਂਕਰਾਂ ਦਾ ਕੀਤਾ ਗਿਆ ਹੈ ਬਾਈਕਾਟ

ਅਦਿੱਤੀ ਤਿਆਗੀ, ਅਮਨ ਚੋਪੜਾ, ਅਮੀਸ਼ ਦੇਵਗਨ, ਆਨੰਦ ਨਰਸਿਮਹਨ, ਅਰਨਬ ਗੋਸਵਾਮੀ, ਅਸ਼ੋਕ ਸ੍ਰੀਵਾਸਤਵ, ਚਿੱਤਰਾ ਤ੍ਰਿਪਾਠੀ, ਗੌਰਵ ਸਾਵੰਤ, ਨਾਵਿਕਾ ਕੁਮਾਰ, ਪ੍ਰਾਚੀ ਪਰਾਸ਼ਰ, ਰੁਬਿਕਾ ਲਿਆਕਤ, ਸ਼ਿਵ ਅਰੂਰ, ਸੁਧੀਰ ਚੌਧਰੀ ਅਤੇ ਸੁਸ਼ਾਂਤ ਸਿਨਹਾ।

## ਕੁਝ ਦਿਨ ਪਹਿਲਾ ਕੈਨੇਡਾ ਪੁੱਜੇ ਨੌਜਵਾਨ ਦੀ ਭੇਤ-ਭਰੀ ਮੌਤ



ਟੋਰਾਂਟੋ (ਸੇਖਾ)-ਕੁਝ ਦਿਨ ਪਹਿਲਾਂ ਕੈਨੇਡਾ ਪੁੱਜੇ ਇਕ ਪੰਜਾਬੀ ਨੌਜਵਾਨ ਗਗਨਦੀਪ ਸਿੰਘ ਦੀ ਭੇਦਭਰੀ ਹਾਲਤ ਵਿਚ ਮੌਤ ਹੋਣ ਦੀ ਦੁਖਦਾਈ ਖਬਰ ਹੈ। ਸੂਤਰਾਂ ਮੁਤਾਬਿਕ ਕਪੂਰਥਲਾ ਨੇੜੇ ਪਿੰਡ ਨੌਲੀ ਦੇ ਗਗਨਦੀਪ ਗਿੱਲ ਉਰਫ ਗੱਗੂ ਚਾਰ ਦਿਨ ਪਹਿਲਾਂ ਹੀ ਕੈਨੇਡਾ ਪੁੱਜਾ ਸੀ। ਮ੍ਰਿਤਕ ਦੇ ਪਿਤਾ ਡਾ. ਮੋਹਨ ਲਾਲ ਅਤੇ ਮਾਤਾ ਸੀਮਾ ਰਾਣੀ ਨੇ ਦੱਸਿਆ ਕਿ ਆਪਣੇ ਨੂੰਹ-ਪੁੱਤ ਨੂੰ ਕੈਨੇਡਾ ਭੇਜਣ ਲਈ 30 ਲੱਖ ਤੋਂ ਵੱਧ ਰਕਮ ਖਰਚ ਚੁੱਕੇ ਹਨ, ਜੋ ਵਿਆਜ 'ਤੇ ਫੜੀ ਸੀ। ਇਥੇ ਵਸਦੇ ਪੰਜਾਬੀਆਂ ਨੇ ਗਗਨਦੀਪ ਦੀ ਲਾਸ਼ ਪੰਜਾਬ ਭੇਜਣ ਲਈ ਫੰਡ ਇਕੱਠਾ ਕਰਨ ਦੀ ਮੁਹਿੰਮ ਚਲਾਈ ਹੈ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਗਗਨਦੀਪ ਬੀਤੀ 6 ਸਤੰਬਰ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਕੈਨੇਡਾ ਰਵਾਨਾ ਹੋਇਆ ਸੀ। ਐਤਵਾਰ ਰਾਤ ਨੂੰ ਲਗਪਗ ਸਾਢੇ 9 ਵਜੇ ਉਸ ਨੇ ਗਗਨਦੀਪ ਨਾਲ ਵੀਡੀਓ ਕਾਲ ਕੀਤੀ ਸੀ। ਇਸ ਦੌਰਾਨ ਉਸ ਨੇ ਦੱਸਿਆ ਕਿ ਉਸ ਨੇ ਖਾਣਾ ਖਾ ਲਿਆ ਹੈ ਅਤੇ ਨੀਂਦ ਆ ਰਹੀ ਹੈ। ਇਸੇ ਰਾਤ ਢਾਈ ਵਜੇ ਦੇ ਕਰੀਬ ਉਨ੍ਹਾਂ ਨੂੰ ਫੋਨ ਆਇਆ ਕਿ ਗਗਨਦੀਪ ਦੀ ਮੌਤ ਹੋ ਗਈ ਹੈ। ਪਰਿਵਾਰ ਨੇ ਕਿਹਾ ਕਿ ਪੋਸਟਮਾਰਟਮ ਰਿਪੋਰਟ ਆਉਣ ਮਗਰੋਂ ਮੌਤ ਦੇ ਕਾਰਨਾਂ ਦਾ ਪਤਾ ਚੱਲ ਸਕੇਗਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਚੋਣਾਂ ਵਿਚ ਟਰੂਡੋ ਸਰਕਾਰ ਦੇ ਖ਼ਾਤਮੇ ਲਈ ਕੰਸਰਵੇਟਿਵ ਵੋਟਰਾਂ ਵਾਸਤੇ ਬਿਹਤਰ ਵਿਕਲਪ ਹੋਣਗੇ-ਪੋਲੀਵਰੇ

ਮਾਂਟਰੀਅਲ-ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੇ ਕਿਹਾ ਕਿ ਅਗਲੀਆਂ ਫੈਡਰਲ ਚੋਣ ਦਾ ਸਮਾਂ ਅਨਿਸ਼ਚਤ ਹੈ ਪਰ ਜਦੋਂ ਇਹ ਹੋਣਗੀਆਂ ਤਾਂ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਦਾ ਖਾਤਮਾ ਕਰਨ ਦਾ ਇਰਾਦਾ ਰੱਖਣ ਵਾਲੇ ਵੋਟਰਾਂ ਨੂੰ ਚੋਣ ਕਰਨ ਲਈ ਕੰਸਰਵੇਟਿਵਜ਼ ਬਿਹਤਰ ਵਿਕਲਪ ਹੋਣਗੇ। ਕਿਊਬਕ ਸਿਟੀ ਵਿਚ ਨੈਸ਼ਨਲ ਪਾਲਿਸੀ ਕਨਵੈਂਸ਼ਨ ਵਿਚ ਸ਼ਾਮਿਲ 2000 ਤੋਂ ਵੀ ਵੱਧ ਕੰਸਰਵੇਟਿਵਾਂ ਨੂੰ ਸੰਬੋਧਨ ਕਰਦਿਆਂ ਪੋਲੀਵਰੇ ਨੇ ਕਿਫਾਇਤ, ਮਹਿੰਗਾਈ, ਹਾਊਸਿੰਗ ਅਤੇ ਦੂਸਰੇ ਮੁੱਦੇ ਛੋਹੇ ਪਿਛਲੇ ਸਾਲ ਉਨ੍ਹਾਂ ਨੇ ਜਦੋਂ ਦੀ ਪਾਰਟੀ ਲੀਡਰਸ਼ਿਪ ਦੀ ਕਮਾਨ ਸੰਭਾਲੀ ਹੈ ਉਸ ਸਮੇਂ ਤੋਂ ਉਹ ਵੋਟਰਾਂ ਸਾਹਮਣੇ ਉਪਰੋਕਤ ਮੁੱਦੇ ਰੱਖਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡੀਅਨ ਛੋਟੇ ਦਿਲ ਜਾਂ ਗੁੱਸੇ ਵਾਲੇ ਨਹੀਂ ਹਨ। ਉਹ ਵੱਡੇ ਤੇ ਦਿਆਲੂ ਲੋਕ ਹਨ। ਉਹ ਇਸ ਤੋਂ ਬਿਹਤਰ ਦੇ ਹੱਕਦਾਰ ਹਨ। ਉਨ੍ਹਾਂ ਨੂੰ ਹੁਣ ਉਹ ਚੀਜ਼ਾਂ ਨਹੀਂ ਛੱਡਣੀਆਂ ਚਾਹੀਦਆਂ ਜਿਹੜੀਆਂ ਸਾਡੇ ਲਈ ਹਮੇਸ਼ਾ ਮੰਨੀਆਂ ਜਾਂਦੀਆਂ ਸਨ ਜਿਵੇਂ ਕਿਫਾਇਤੀ ਘਰ ਤੇ ਭੋਜਨ। ਅੱਠ ਸਾਲਾਂ ਬਾਅਦ ਜਸਟਿਨ ਟਰੂਡੋ ਤੇ ਦੇਸ਼ ਦੀ ਉਹ ਅਹਿਮੀਅਤ ਨਹੀਂ ਜਿਸ ਨੂੰ ਜਾਣਦੇ ਤੇ ਪਿਆਰ ਕਰਦੇ ਹਨ। ਪੋਲੀਵਰੇ ਨੇ ਕਿਹਾ ਕਿ ਜੇਕਰ ਕਿਊਬਕ ਵਾਸੀ ਬਿਹਤਰੀ ਲਈ ਜਸਟਿਨ ਟਰੂਡੋ ਤੋਂ ਛੁਟਕਾਰਾ ਪਾਉਣਾ ਚਾਹੁੰਦ ਹਨ ਤਾਂ ਕੰਸਰਵੇਟਿਵ ਪਾਰਟੀ ਹੀ ਇਸ ਨੂੰ ਬਦਲ ਸਕਦੀ ਹੈ। ਇਸ ਤੋਂ ਪਹਿਲਾਂ ਪੋਲੀਵਰੇ ਦੀ ਪਤਨੀ ਅਨੇਡਾ ਪੋਲੀਵਰੇ ਨੇ ਫ੍ਰੈਂਚ ਭਾਸ਼ਾ ਵਿਚ ਬੋਲਦਿਆਂ ਕਿਊਬਕ ਵਿਚ ਆਪਣੀਆਂ ਜੜ੍ਹਾਂ ਬਾਰੇ ਦੱਸਿਆ ਅਤੇ ਕੰਸਰਵੇਟਿਵ ਨੇਤਾ ਦਾ ਜਾਣ ਪਛਾਣ ਕਰਵਾਈ। ਮਿਸ ਪੋਲੀਵਰੇ ਦਾ ਜਨਮ ਵੈਨਜ਼ੁਏਲਾ ਵਿਚ ਹੋਇਆ ਸੀ ਪਰ ਉਨ੍ਹਾਂ ਦਾ ਪਰਿਵਾਰ 1990 ਦੇ ਦਹਾਕੇ ਵਿਚ ਕੈਨੇਡਾ ਆ ਕੇ ਮਾਂਟਰੀਅਲ ਵਿਚ ਵਸ ਗਿਆ ਸੀ। ਕਿਊਬਕ ਵਿਚ 78 ਸੀਟਾਂ ਹਨ। ਲਿਬਰਲ ਕੋਲ 35 ਅਤੇ ਬਲੌਕ ਕੋਲ 32 ਸੀਟਾਂ ਹਨ ਜਦਕਿ ਕੰਸਰਵੇਟਿਵਾਂ ਕੋਲ 10 ਤੋਂ ਘਟ ਕੇ 9 ਰਹਿ ਗਈਆਂ। ਉਨ੍ਹਾਂ ਨੇ 2021 ਦੀਆਂ ਚੋਣਾਂ ਵਿਚ 10 ਸੀਟਾਂ ਜਿੱਤੀਆਂ ਸਨ।






# ਅੱਠਵਾਂ ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ ਡਾ. ਸੁਰਿੰਦਰ ਧੰਜਲ ਨੂੰ

ਸਰੀ-(ਹਰਦਮ ਮਾਨ)-ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ (ਰਜਿ.) ਵੱਲੋਂ 25 ਸਤੰਬਰ 2023 (ਸੋਮਵਾਰ) ਨੂੰ ਪਾਇਲ ਬਿਜਨਿਸ ਸੈਂਟਰ ਸਰੀ ਦੇ ਪੰਜਾਬ ਬੈਂਕੁਇਟ ਹਾਲ ਵਿਚ ਦੁਪਹਿਰ ਇਕ ਵਜੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੰਗਾ ਬਾਸੀ ਨੇ ਦੱਸਿਆ ਹੈ ਕਿ ਇਸ ਸਮਾਗਮ ਵਿਚ ਉਨ੍ਹਾਂ ਵੱਲੋਂ ਆਪਣੇ ਪਿਤਾ ਪ੍ਰੀਤਮ ਸਿੰਘ ਬਾਸੀ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ 'ਸ. ਪ੍ਰੀਤਮ ਸਿੰਘ ਅੰਤਰ-ਰਾਸ਼ਟਰੀ ਸਾਹਿਤਕ ਪੁਰਸਕਾਰ' ਇਸ ਵਾਰ ਕੈਮਲੂਪਸ ਵਸਦੇ ਨਾਮਵਰ ਸ਼ਾਇਰ, ਥਾਮਸਨ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਤੇ ਹੁਣ ਉਸੇ ਯੂਨੀਵਰਸਿਟੀ ਵਿਚ ਪ੍ਰੋ. ਇਮੀਰਾਟਸ, ਡਾਕਟਰ ਸੁਰਿੰਦਰ ਧੰਜਲ ਨੂੰ ਉਹਨਾਂ ਦੇ ਜੀਵਨ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਸਮਾਜਿਕ ਤੇ ਸਭਿਆਚਾਰਕ ਪਿੜ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਰਸਕਾਰ ਦੇਣ ਦਾ ਫੈਸਲਾ ਇਕ ਕਮੇਟੀ ਕਰਦੀ ਹੈ। ਇਹ ਕਮੇਟੀ ਇਹ ਵੀ ਧਿਆਨ ਵਿਚ ਰਖਦੀ ਹੈ ਕਿ ਕੀ ਉਸ ਲੇਖਕ ਦੀ ਸਾਹਿਤਕ ਦੇਣ ਨੂੰ ਅਣਗੌਲਿਆ ਕਰ ਕੇ ਵੱਡੇ ਸਨਮਾਨਾਂ ਤੋਂ ਵਿਰਵਾ ਤਾਂ ਨਹੀਂ ਰੱਖਿਆ ਗਿਆ! ਇਹ ਅਵਾਰਡ' ਇਸ ਤੋਂ ਪਹਿਲਾਂ ਇਹ ਸਰਵਣ ਰਾਹੀ, ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ, ਸੁਖਵਿੰਦਰ ਕੰਬੋਜ਼, ਹਰਬੀਰ ਸਿੰਘ ਭੰਵਰ, ਹਰਜੀਤ ਦੌਧਰੀਆ ਅਤੇ ਡਾ. ਸਾਧੂ ਸਿੰਘ ਨੂੰ ਦਿੱਤਾ ਜਾ ਚੁੱਕਾ ਹੈ। ਪੁਰਸਕਾਰ ਵਿਚ ਸਨਮਾਨ ਚਿਨ੍ਹ ਵਜੋਂ ਗਿਆਰਾਂ ਸੌ ਡਾਲਰ (ਕਨੇਡੀਅਨ), ਇਕ ਸ਼ਾਲ ਤੇ ਇਕ ਪਲੇਕ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 25 ਸਤੰਬਰ ਨੂੰ ਹੋਣ ਵਾਲੇ ਸਮਾਗਮ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ, ਡਾ. ਸਾਧੂ ਸਿੰਘ ਅਤੇ ਡਾ. ਰਘਬੀਰ ਸਿੰਘ ਸਿਰਜਣਾ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ। ਉਨ੍ਹਾਂ ਹਰ ਪੰਜਾਬੀ ਪਿਆਰੇ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਮੰਗਾ ਬਾਸੀ ਨਾਲ ਫੋਨ ਨੰਬਰ 604-240-1095 'ਤੇ ਸੰਪਰਕ ਕੀਤਾ ਜਾ ਸਕਦਾ ਹੈ।








# ਭਾਰਤ ਵਿਚ ਫਸੇ ਜਸਟਿਨ ਟਰੂਡੋ ਦੀ ਕੈਨੇਡਾ ਵਿਚ ਵਿਰੋਧੀ ਧਿਰ ਨੇ ਕੀਤੀ ਆਲੋਚਨਾ

ਓਟਵਾ-ਆਪਣੇ ਪੁੱਤਰ ਜ਼ੇਵੀਅਰ ਟਰੂਡੋ (ਜਿਹੜਾ ਅੰਤਰਰਾਸ਼ਟਰੀ ਸਮਾਗਮਾਂ ਵਿਚ ਮੌਜੂਦਗੀ ਕਾਰਨ ਸੁਰਖੀਆਂ ਵਿਚ ਰਿਹਾ) ਦੇ ਨਾਲ ਜੀ20 ਸੰਮੇਲਨ ਵਿਚ ਸ਼ਾਮਿਲ ਹੋਣ ਪਿੱਛੋਂ ਜਹਾਜ਼ ਵਿਚ ਤਕਨੀਕੀ ਨੁਕਸ ਕਾਰਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਲਲਿਤ ਹੋਟਲ ਵਿਚ ਆਪਣੇ ਕਮਰੇ ਵਿਚ ਹੀ ਰੁਕਣਾ ਪਿਆ। ਰਿਪੋਰਟਾਂ ਮੁਤਾਬਿਕ ਉਨ੍ਹਾਂ ਨੇ ਇਸ ਸਮੇਂ ਦੌਰਾਨ ਭਾਰਤ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ। ਭਾਰਤੀ ਵਿਦੇਸ਼



ਮੰਤਰਾਲੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕਿਸੇ ਹੋਰ ਸਰਕਾਰੀ ਗੱਲਬਾਤ ਲਈ ਉਨ੍ਹਾਂ ਨੂੰ ਕੋਈ ਬੇਨਤੀ ਨਹੀਂ ਮਿਲੀ। ਖ਼ਬਰ ਏਜੰਸੀਆਂ ਮੁਤਾਬਿਕ ਕੈਨੇਡੀਅਨ ਹਾਈ ਕਮਿਸ਼ਨ ਵਲੋਂ ਵੀ ਕਿਸੇ ਸਰਕਾਰੀ ਗੱਲਬਾਤ ਦਾ ਕੋਈ ਸੰਕੇਤ ਨਹੀਂ ਮਿਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਠੰਢਾ ਸਵਾਗਤ ਕਰਨ ਅਤੇ ਜਹਾਜ਼ ਵਿਚ ਤਕਨੀਕੀ ਨੁਕਸ ਦੇ ਸਿੱਟੇ ਵਜੋਂ ਕੈਨੇਡਾ ਵਿਚ ਕੰਸਰਵੇਟਿਵ ਪਾਰਟੀ ਨੇ ਟਰੂਡੋ ਦੀ ਆਲੋਚਨਾ ਕੀਤੀ ਹੈ। ਪਾਰਟੀ ਦੀਆਂ ਆਲੋਚਨਾਤਮਿਕ ਟਿੱਪਣੀਆਂ ਤੋਂ ਇਲਾਵਾ ਕੰਸਰਵੇਟਿਵ ਪਾਰਟੀ ਨੇਤਾ ਪਿਅਰੇ ਪੋਲੀਵਰੇ ਨੇ ਇਹ ਕਹਿੰਦੇ ਹੋਏ ਆਲੋਚਨਾ ਕੀਤੀ ਕਿ ਹੁਣ ਟਰੂਡੋ ਨੂੰ ਉਡਾਨ ਵਿਚ ਦੇਰੀ ਦਾ ਉਸੇ ਤਰ੍ਹਾਂ ਦਾ ਅਨੁਭਵ ਹੋਵੇਗਾ ਜਿਸ ਤਰ੍ਹਾਂ ਉਹ ਫੈਡਰਲ ਹਵਾਈ ਅੱਡਿਆਂ 'ਤੇ ਉਨ੍ਹਾਂ ਦੇ ਦੁਰਪ੍ਰਬੰਧ ਨਾਲ ਕੈਨੇਡੀਅਨ ਮਹਿਸੂਸ ਕਰਦੇ ਹਨ। ਭਾਰਤ ਵਿਚ ਦੋ ਦਿਨਾਂ ਜੀ20 ਸੰਮੇਲਨ ਪਿੱਛੋਂ ਕੈਨੇਡੀਅਨ ਵਫਦ ਨੇ ਐਤਵਾਰ ਵਾਪਸ ਮੁੜਨਾ ਸੀ। ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਬਾਅਦ ਦੁਪਹਿਰ ਉਨ੍ਹਾਂ ਨੂੰ ਵਿਦਾਈ ਦਿੱਤੀ।

### ਟਰੂਡੋ ਤੇ ਭਾਰਤ

ਭਾਰਤ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਸਪਸ਼ਟ ਰੂਪ ਵਿਚ ਵਧੀਆ ਕੂਟਨੀਤਕ ਸਬੰਧ ਨਹੀਂ ਹਨ। ਅਮਰੀਕਾ ਵਿਚ 9/11 ਅੱਤਵਾਦੀ ਹਮਲਿਆਂ ਦੀ ਵਰ੍ਹੇਗੰਢ 'ਤੇ ਟਵੀਟ ਕਰਨ ਪਿੱਛੋਂ ਟਰੂਡੋ ਨੇ ਚੁੱਪ ਧਾਰੀ ਹੋਈ ਹੈ। ਟਰੂਡੋ ਸ਼ੁੱਕਰਵਾਰ ਨਵੀਂ ਦਿੱਲੀ ਪਹੁੰਚੇ ਸੀ ਅਤੇ ਉਨ੍ਹਾਂ ਦਾ ਰਾਜੀਵ ਚੰਦਰਸ਼ੇਖਰ ਨੇ ਸਵਾਗਤ ਕੀਤਾ। ਉਨ੍ਹਾਂ ਦੀ ਦੂਸਰੇ ਬਹੁਪੱਖੀ ਸਮਾਗਮਾਂ ਵਿਚ ਸੁਰਖੀਆਂ ਵਿਚ ਰਹਿਣ ਵਾਲੀ ਮੌਜੂਦਗੀ ਨਹੀਂ ਰਹੀ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਜਿਸ ਤਰ੍ਹਾਂ ਦੂਸਰੇ ਵਿਸ਼ਵ ਨੇਤਾਵਾਂ ਦਾ ਸਵਾਗਤ ਕੀਤਾ ਉਸ ਤਰ੍ਹਾਂ ਦੀ ਗਰਮ ਜੋਸ਼ੀ ਟਰੂਡੋ ਦੇ ਮਾਮਲੇ ਵਿਚ ਨਹੀਂ ਦਿਸੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਖਾਲਿਸਤਾਨੀ ਵੱਖਵਾਦੀਆਂ ਬਾਰੇ ਟਰੂਡੋ ਦੀ ਇਹ ਗੱਲ ਭਾਰਤ ਨੂੰ ਚੰਗੀ ਨਹੀਂ ਲੱਗੀ ਕਿ ਇਹ ਇਹ ਥੋੜ੍ਹੇ ਜਿਹੇ ਲੋਕਾਂ ਦਾ ਗਰੁੱਪ ਹੈ ਅਤੇ ਕੈਨੇਡਾ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਨਾ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਸਪਸ਼ਟ ਰੂਪ ਵਿਚ ਕੈਨੇਡਾ ਪ੍ਰਗਟਾਵੇ ਦੀ ਆਜ਼ਾਦੀ, ਜ਼ਮੀਰ ਦੀ ਆਜ਼ਾਦੀ ਅਤੇ ਸ਼ਾਂਤਮਈ ਪ੍ਰਦਰਸ਼ਨਾਂ ਦੀ ਹਮੇਸ਼ਾ ਰਾਖੀ ਕਰੇਗਾ। ਇਹ ਗੱਲ ਸਾਡੇ ਲਈ ਬਹੁਤ ਮਹੱਤਵਪੂਰਣ ਹੈ। ਇਸ ਦੇ ਨਾਲ ਹੀ ਅਸੀਂ ਹਿੰਸਾ ਅਤੇ ਨਫਰਤ ਨਹੀਂ ਫੈਲਣ ਦੇਵਾਂਗੇ। ਟਰੂਡੋ ਨੇ ਕਿਹਾ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਸਮੁੱਚੀ ਕਮਿਊਨਿਟੀ ਤੇ ਕੈਨੇਡਾ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਉਧਰ ਜਦੋਂ ਟਰੂਡੋ ਜੀ20 ਸੰਮੇਲਨ ਵਿਚ ਹਿੱਸਾ ਲੈਣ ਲਈ ਭਾਰਤ ਵਿਚ ਮੌਜੂਦ ਸਨ ਤਾਂ ਖਾਲਿਸਤਾਨੀ ਵੱਖਵਾਦੀਆਂ ਨੇ ਸਰੀ ਵਿਚ ਰਾਇਸ਼ੁਮਾਰੀ ਕਰਵਾਈ।

### ਖਾਲਿਸਤਾਨ ਪੱਖੀ ਰੁਖ

ਪ੍ਰਧਾਨ ਮੰਤਰੀ ਮੋਦੀ ਨੇ ਜਿਸ ਤਰ੍ਹਾਂ ਦੂਸਰੇ ਨੇਤਾਵਾਂ ਨਾਲ ਹੱਥ ਮਿਲਾਉਣ ਵਿਚ ਗਰਮਜੋਸ਼ੀ ਦਿਖਾਈ ਉਸ ਤਰ੍ਹਾਂ ਦੀ ਗੱਲ ਟਰੂਡੋ ਦੇ ਮਾਮਲੇ ਵਿਚ ਗਾਇਬ ਰਹੀ। ਜੀ20 ਸੰਮੇਲਨ ਮੌਕੇ ਮੋਦੀ ਨੇ ਕੈਨੇਡਾ ਵਿਚ ਵੱਖਵਾਦੀ ਤੱਤਾਂ ਵਲੋਂ ਕੀਤੀਆਂ ਜਾ ਰਹੀਆਂ ਭਾਰਤ ਵਿਰੋਧੀ ਕਾਰਵਾਈਆਂ ਬਾਰੇ ਭਾਰਤ ਦੀ ਸਖਤ ਚਿੰਤਾ ਤੋਂ ਜਾਣੂ ਕਰਵਾਇਆ। ਪ੍ਰਧਾਨ ਮੰਤਰੀ ਮੋਦੀ ਨੇ ਦੱਸਿਆ ਕਿ ਭਾਰਤ-ਕੈਨੇਡਾ ਸਬੰਧ ਲੋਕਤੰਤਰੀ ਕਦਰਾਂ ਕੀਮਤਾਂ, ਕਾਨੂੰਨ ਦੇ ਸ਼ਾਸਨ ਦੇ ਸਨਮਾਨ ਅਤੇ ਲੋਕਾਂ ਦੇ ਲੋਕਾਂ ਨਾਲ ਮਜ਼ਬੂਤ ਸਬੰਧਾਂ ਦੇ ਆਧਾਰ 'ਤੇ ਜੁੜੇ ਹੋਏ ਹਨ। ਭਾਰਤੀ ਬਿਆਨ ਮੁਤਾਬਿਕ ਭਾਰਤ ਵਿਰੋਧੀ ਤਾਕਤਾਂ ਦੇ ਸੰਗਠਿਤ ਅਪਰਾਧ, ਡਰੱਗ ਸਿੰਡੀਕੇਟ ਅਤੇ ਮਾਨਵੀ ਤਸਕਰੀ ਨਾਲ ਸਬੰਧ ਕੈਨੇਡਾ ਲਈ ਵੀ ਚਿੰਤਾ ਦਾ ਵਿਸ਼ਾ ਹੋਣੇ ਚਾਹੀਦੇ ਹਨ। ਇਹ ਜ਼ਰੂਰੀ ਹੈ ਕਿ ਦੋਵੇਂ ਦੇਸ਼ ਇਸ ਤਰ੍ਹਾਂ ਦੇ ਖ਼ਤਰਿਆਂ ਨਾਲ ਨਜਿੱਠਣ ਲਈ ਸਹਿਯੋਗ ਕਰਨ। ਟਰੂਡੋ ਸਨਿਚਰਵਾਰ ਰਾਸ਼ਟਰਪਤੀ ਗਾਲਾ ਡਿਨਰ ਵਿਚ ਨਹੀਂ ਦੇਖੇ ਗਏ। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਬਹੁਤ ਸਾਰੇ ਖੇਤਰਾਂ ਵਿਚ ਭਾਰਤ ਇਕ ਮਹੱਤਵਪੂਰਣ ਭਾਈਵਾਲ ਹੈ।

### ਟਰੂਡੋ ਦੀ 2018 ਵਿਚ ਪਹਿਲੀ ਫੇਰੀ

ਹਕੀਕਤ ਇਹ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਨੇ ਜੀ20 ਸੰਮੇਲਨ ਦੌਰਾਨ ਕੋਈ ਰਸਮੀ ਦੁਵੱਲੀ ਮੀਟਿੰਗ ਨਹੀਂ ਕੀਤੀ। ਅਸਲ ਵਿਚ ਇਹ ਘਟਨਾਕ੍ਰਮ 2018 ਵਿਚ ਟਰੂਡੋ ਦੀ ਭਾਰਤ ਵਿਚ ਪਹਿਲੀ ਸਰਕਾਰੀ ਯਾਤਰਾ ਦੀ ਯਾਦ ਦਿਵਾਉਂਦਾ ਹੈ



ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਦਾ ਇਸੇ ਤਰ੍ਹਾਂ ਢਿੱਲਾ ਜਿਹਾ ਸਵਾਗਤ ਕੀਤਾ ਸੀ। ਜਦੋਂ ਟਰੂਡੋ ਪਰਿਵਾਰ ਸਮੇਤ ਨਵੀਂ ਦਿੱਲੀ ਪਹੁੰਚੇ ਤਾਂ ਉਨ੍ਹਾਂ ਦਾ ਇਕ ਜੂਨੀਅਰ ਮੰਤਰੀ ਨੇ ਸਵਾਗਤ ਕੀਤਾ ਸੀ। ਪਿਛਲੇ ਦੋ ਮਹੀਨਿਆਂ ਵਿਚ ਖਾਲਿਸਤਾਨ ਵੱਖਵਾਦੀਆਂ ਦੀ ਸ਼ਮੂਲੀਅਤ ਵਾਲੀ ਵੱਡੀਆਂ ਭਾਰਤ ਵਿਰੋਧੀ ਘਟਨਾਵਾਂ ਹੋਈਆਂ ਹਨ। ਲਗਦਾ ਹੈ ਕਿ ਟਰੂਡੋ ਨੇ ਕੋਈ ਸਖਤ ਕਾਰਵਾਈ ਨਹੀਂ ਕੀਤੀ ਜਿਸ ਨੂੰ ਨਿਰੀਖਕ ਕੈਨੇਡਾ ਵਿਚ ਖਾਲਿਸਤਾਨ ਸਰਗਰਮੀ ਦਾ ਨਵਾਂ ਉਭਾਰ ਆਖ ਰਹੇ ਹੈ।

## ਜਹਾਜ਼ ਵਿਚ ਤਕਨੀਕੀ ਨੁਕਸ ਕਾਰਨ ਦੇਰੀ ਹੋਣ ਪਿੱਛੋਂ ਟਰੂਡੋ ਕੈਨੇਡਾ ਪੁੱਜੇ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਰਕਾਰੀ ਹਵਾਈ ਜਹਾਜ਼ ਵਿਚ ਤਕਨੀਕੀ ਨੁਕਸ ਪੈ ਜਾਣ ਕਾਰਨ ਹੋਈ ਦੇਰੀ ਪਿੱਛੋਂ ਕੈਨੇਡਾ ਪਹੁੰਚ ਗਏ ਹਨ। ਤਕਨੀਕੀ ਨੁਕਸਾਨ ਕਾਰਨ ਵਾਪਸੀ ਵਿਚ ਦੋ ਦਿਨਾਂ ਦੀ ਦੇਰੀ ਹੋਈ। ਟਰੂਡੋ ਤੇ ਕੈਨੇਡੀਅਨ ਵਫਦ ਨਵੀਂ ਦਿੱਲੀ ਵਿਚ ਜੀ20 ਸੰਮੇਲਨ ਵਿਚ ਸ਼ਾਮਿਲ ਹੋਣ ਲਈ ਭਾਰਤ ਆਇਆ ਸੀ ਅਤੇ ਉਨ੍ਹਾਂ ਨੇ ਸਨਿਚਰਵਾਰ ਵਾਪਸ ਜਾਣਾ ਸੀ ਪਰ ਉਡਾਨ ਤੋਂ ਪਹਿਲਾਂ ਜਾਂਚ ਦੌਰਾਨ ਜਹਾਜ਼ ਵਿਚ ਤਕਨੀਕੀ ਨੁਕਸ ਪੈਦਾ ਹੋਣ ਦਾ ਪਤਾ ਲੱਗਾ। ਨੁਕਸ ਦਾ ਪਤਾ ਲੱਗਣ ਪਿੱਛੋਂ ਰਾਇਲ ਕੈਨੇਡੀਅਨ ਏਅਰ ਫੋਰਸ ਨੇ ਖਰਾਬ ਪੁਰਜਿਆਂ ਨੂੰ ਬਦਲਣ ਲਈ ਇਕ ਤਕਨੀਸ਼ਨ ਭਾਰਤ ਭੇਜਿਆ ਅਤੇ ਲੋੜ ਪੈਣ 'ਤੇ ਇਕ ਹੋਰ ਜਹਾਜ਼ ਦਾ ਪ੍ਰਬੰਧ ਕਰ ਦਿੱਤਾ। ਤਕਨੀਸ਼ਨ ਨੇ ਪਹਿਲੇ ਜਹਾਜ਼ ਦੇ ਨੁਕਸ ਨੂੰ ਹੀ ਠੀਕ ਕਰ ਦਿੱਤਾ। ਸੁਰੱਖਿਆ ਕਾਰਨਾਂ ਕਰਕੇ ਪ੍ਰਧਾਨ ਮੰਤਰੀ ਵਪਾਰਕ ਉਡਾਨਾਂ ਵਿਚ ਨਹੀਂ ਜਾਂਦੇ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਜਾਰੀ ਰੱਖਣ ਲਈ ਅਜੇ ਵੀ ਕੋਈ ਸਪਸ਼ਟ ਯੋਜਨਾ ਨਹੀਂ-ਰਿਪੋਰਟ

ਸਰੀ-ਸਰੀ ਦੀ ਮੇਅਰ ਬਰੈਂਡਾ ਲੋਕ ਦਾ ਕਹਿਣਾ ਕਿ ਕੌਂਸਲ ਵਲੋਂ ਸਰੀ ਪੁਲਿਸ ਸਰਵਿਸ ਦੇ ਚੀਫ ਕੰਸਟੇਬਲ ਨਾਰਮ ਲਿਪਿੰਸਕੀ ਅਤੇ ਸਰੀ ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਬ੍ਰਾਇਨ ਐਡਵਾਰਡਸ ਵਲੋਂ ਸੋਮਵਾਰ ਰਾਤ ਨੂੰ ਇਸ ਦੀ ਮੌਜੂਦਾ ਸਥਿਤੀ ਬਾਰੇ ਲਗਪਗ ਇਕ ਘੰਟਾ ਸਵਾਲਾਂ ਦਾ ਜਵਾਬ ਦੇਣ ਪਿੱਛੋਂ ਸਿਟੀ ਪੁਲਿਸ ਟਰਾਂਜ਼ੀਸ਼ਨ ਸਬੰਧੀ ਲੀਡਰਸ਼ਿਪ ਗੇਂਦ ਹੁਣ ਸੂਬਾ ਸਰਕਾਰ ਦੀ ਅਦਾਲਤ ਵਿਚ ਹੈ। ਲੋਕ ਨੇ ਕਿਹਾ ਕਿ ਅਸੀਂ ਅੱਜ ਸੁਣਿਆਂ ਕਿ ਢਾਂਚੇ ਤੇ ਸਾਰੇ ਕਾਨੂੰਨ ਸਮਝੌਤਿਆਂ ਨੂੰ ਲਾਗੂ ਕਰਨ ਲਈ ਅਜੇ ਬਹੁਤ ਕੁਝ ਕੀਤਾ ਜਾਣਾ ਹੈ। ਸਿਟੀ ਕੋਲ ਇਸ ਤਰ੍ਹਾਂ ਕਰਨ ਦਾ ਕੋਈ ਅਧਿਕਾਰ ਨਹੀਂ। ਸੂਬੇ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਕੋਈ ਯੋਜਨਾ ਹੋਵੇ ਅਤੇ ਅੱਗੇ ਵਧਣ ਦਾ ਰਾਹ ਹੋਵੇ। ਲੋਕ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਐਨਡੀਪੀ ਸੂਬਾ ਸਰਕਾਰ ਟਰਾਂਜ਼ੀਸ਼ਨ ਚਾਹੁੰਦੀ ਹੈ ਤਾਂ ਇਸ ਨੂੰ ਅੱਗੇ ਵਧਣ ਤੇ ਲੀਡਰਸ਼ਿਪ ਦਿਖਾਉਣ ਤੇ ਆਪਣਾ ਕੰਮ






ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਸ ਨੇ ਵਾਰ ਵਾਰ ਯੋਜਨਾ ਲਈ ਕਿਹਾ ਹੈ ਅਤੇ ਅੱਜ ਦੀ ਤਾਰੀਕ ਤਕ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ 6 ਪੱਤਰ ਭੇਜੇ ਹਨ ਉਨ੍ਹਾਂ ਵਿਚ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਤੇ ਪ੍ਰੀਮੀਅਰ ਡੇਵਿਡ ਏਬੀ ਸ਼ਾਮਿਲ ਹਨ ਪਰ ਕੁਝ ਨਹੀਂ ਹੋਇਆ। ਇਸੇ ਦੌਰਾਨ ਕੌਂਸਲਰ ਲਿੰਡਾ ਐਨਿਸ ਦਾ ਕਹਿਣਾ ਕਿ ਦੋ ਪੁਲਿਸ ਵਿਭਾਗ ਹੋਣ ਕਾਰਨ ਸਰੀ ਟੈਕਸ ਦਾਤਾਵਾਂ ਦਾ ਪ੍ਰਤੀ ਦਿਨ 266000 ਡਾਲਰ ਖਰਚ ਹੋ ਰਿਹਾ ਹੈ। ਕੌਂਸਲ ਵਲੋਂ 12 ਦਸੰਬਰ ਨੂੰ ਆਰਸੀਐਮਪੀ ਨੂੰ ਸ਼ਹਿਰ ਦੀ ਅਧਿਕਾਰਤ ਪੁਲਿਸ ਰੱਖਣ ਲਈ 6-3 ਨਾਲ ਮਤਾ ਪਾਸ ਕਰਨ ਦੇ ਬਾਵਜੂਦ 19 ਜੁਲਾਈ ਨੂੰ ਫਾਰਨਵਰਥ ਨੇ ਸਿਟੀ ਕੌਂਸਲ ਨੂੰ ਹੁਕਮ ਦਿੱਤਾ ਸੀ ਕਿ ਉਹ ਸਰੀ ਆਰਸੀਐਮਪੀ ਤੋਂ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਦੀ ਪ੍ਰਕਿਰਿਆ ਜਾਰੀ ਰੱਖੇ।

## ਆਪਣੇ ਬੁਨਿਆਦੀ ਫਰਜ਼ਾਂ ਨੂੰ ਪੂਰਾ ਕਰਨ ਵਿਚ ਨਾਕਾਮ ਰਹੀ ਐਨਡੀਪੀ-ਫਾਲਕਨ

ਵੈਨਕੂਵਰ-ਬੀਸੀ ਯੂਨਾਈਟਡ ਦੇ ਨੇਤਾ ਕੇਵਿਨ ਫਾਲਕਨ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ 'ਸੁਰੱਖਿਅਤ ਬੀਸੀ' ਲਈ ਜਨਤਕ ਸੁਰੱਖਿਆ ਨੂੰ ਬਹਾਲ ਕਰਨ. ਡੇਵਿਡ ਏਬੀ ਦੇ ਨਿਆਂ ਦੇ ਘੁੰਮਦੇ ਦੇ ਦਰਵਾਜੇ ਨੂੰ ਬੰਦ ਕਰਨਾ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਬੀਸੀ ਵਾਸੀਆਂ ਦੇ ਹਿੱਤਾਂ ਨੂੰ ਪਹਿਲ ਦੇਣ ਦੀ ਯੋਜਨਾ ਹੈ। ਕੰਮ ਦੇ 6 ਸਾਲ ਪਿੱਛੋਂ ਐਨਡੀਪੀ ਆਪਣੇ ਬੁਨਿਆਦੀ ਫਰਜ਼ਾਂ ਵਿਚੋਂ ਇਕ ਲੋਕਾਂ ਨੂੰ ਸੁਰੱਖਿਅਤ ਰੱਖਣ ਨੂੰ ਪੂਰਾ ਕਰਨ ਵਿਚ ਨਾਕਾਮ ਰਹੀ ਹੈ। ਫਾਲਕਨ ਨ ਕਿਹਾ ਕਿ ਅਪਰਾਧ ਨੂੰ ਦੁਹਰਾਉਣ ਵਾਲੇ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਅਤੇ ਫਿਰ ਬਿਨ੍ਹਾਂ ਨਤੀਜਿਆਂ ਦੇ ਰਿਹਾਅ ਕਰਨ ਦੀ ਗੱਲ ਨੇ ਅਪਰਾਧੀਆਂ ਦੇ ਹੌਂਸਲੇ ਬੁਲੰਦ ਕੀਤੇ ਹਨ ਅਤੇ ਬੀਸੀ ਵਾਸੀਆਂ ਨੂੰ ਡਰ ਦੇ ਵਾਤਾਵਰਣ ਵਿਚ ਰਹਿਣ ਲਈ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਸੜਕਾਂ ਤੇ ਜਨਤਕ ਥਾਵਾਂ ਲੋਕਾਂ ਲਈ ਹਨ ਨਾ ਕਿ ਅਪਰਾਧੀਆਂ ਲਈ। ਬੀਸੀ ਯੂਨਾਈਟਡ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਸੁਰੱਖਿਆ ਦੇ ਹੱਕਾਂ ਨੂੰ ਹਿੰਸਕ ਅਪਰਾਧੀਆਂ ਵਲੋਂ ਮੁੜ ਅਪਰਾਧ ਕਰਨ ਤੋਂ ਅੱਗੇ ਰੱਖੇਗੀ ਭਾਵ ਉਨ੍ਹਾਂ ਨੂੰ ਅਪਰਾਧ ਨਹੀਂ ਕਰਨ ਦੇਵੇਗੀ।



## ਫੈਡਰਲ ਸਰਕਾਰ ਵਲੋਂ ਭਰੋਸੇਯੋਗ ਯੂਨੀਵਰਸਿਟੀਆਂ ਤੇ ਕਾਲਜਾਂ ਲਈ ਫਾਸਟ ਟਰੈਕ ਇੰਟਰਨੈਸ਼ਨਲ ਸਟੱਡੀ ਪਰਮਿਟ 'ਦੇਣ 'ਤੇ ਵਿਚਾਰ

ਓਟਵਾ-ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਭਰੋਸੇਯੋਗ ਯੂਨੀਵਰਸਿਟੀਆਂ ਤੇ ਕਾਲਜਾਂ ਜਿਹੜੇ ਬਿਨੇਕਾਰਾਂ ਦੀ ਇਮਾਨਦਾਰੀ ਨਾਲ ਜਾਂਚ ਕਰਦੇ ਹਨ ਅਤੇ ਵਿਦਿਆਰਥੀਆਂ ਦੇ ਕੈਨੇਡਾ ਪਹੁੰਚਣ ਪਿੱਛੋਂ ਉਨ੍ਹਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਵਿਚ ਪੜ੍ਹਨ ਲਈ ਅਪਲਾਈ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਲਈ ਫਾਸਟ ਟਰੈਕ ਸਟੱਡੀ ਪਰਮਿਟ ਦੇਣ 'ਤੇ ਵਿਚਾਰ ਕਰ ਰਹੇ ਹਨ। ਇਮੀਗ੍ਰੇਸ਼ਨ, ਰਿਫਊਜੀਸ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੋ ਪੱਧਰੀ ਪ੍ਰਣਾਲੀ ਪੈਦਾ ਕਰਨ ਬਾਰੇ ਯੂਨੀਵਰਸਿਟੀਆਂ ਨਾਲ ਗੱਲਬਾਤ ਕਰ ਰਿਹਾ ਹੈ ਜਿਹੜਾ ਥਾਵਾਂ ਵਾਲੀਆਂ ਸਥਾਪਤ ਸੰਸਥਾਵਾਂ ਵਿਖੇ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਸਟੱਡੀ ਪਰਮਿਟਾਂ ਵਿਚ ਤੇਜ਼ੀ ਲਿਆਉਣ ਦੀ ਇਜਾਜ਼ਤ ਦਿੰਦਾ ਹੈ। ਫੈਡਰਲ ਸਰਕਾਰ ਪ੍ਰਸ਼ਤਾਵਤ ਭਰੋਸੇਯੋਗ ਯੂਨੀਵਰਸਿਟੀਆਂ ਦੇ ਢਾਂਚੇ ਸਬੰਧੀ ਸੂਬਿਆਂ ਨਾਲ ਵੀ ਗੱਲਬਾਤ ਕਰ ਰਹੀ ਹੈ ਜਿਹੜੇ ਸਿੱਖਿਆ ਲਈ ਜ਼ਿੰਮੇਵਾਰ ਹਨ, ਜੋ ਉਨ੍ਹਾਂ ਸੰਸਥਾਵਾਂ ਨੂੰ ਇਨਾਮ ਦੇਣਗੇ ਜਿਹੜੇ ਉਦਾਹਰਣ ਵਜੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਿਫਾਇਤੀ ਘਰ ਲੱਭਣ ਵਿਚ ਮਦਦ ਕਰਨਗੇ।

## ਅੱਧੇ ਤੋਂ ਵੱਧ ਕੈਨੇਡੀਅਨ ਫੈਡਰਲ ਸਰਕਾਰ ਦੇ ਟੀਚੇ ਤੋਂ ਘੱਟ ਚਾਹੁੰਦੇ ਹਨ ਨਵੇਂ ਪ੍ਰਵਾਸੀ-ਸਰਵੇਖਣ 'ਚ ਖੁਲਾਸਾ

ਓਟਵਾ-ਅੱਧੇ ਤੋਂ ਵੱਧ ਕੈਨੇਡੀਅਨ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਉਸ ਵਲੋਂ 2023 ਲਈ ਨਵੇਂ ਇਮੀਗ੍ਰਾਂਟਸ ਲਈ ਰੱਖੇ ਗਏ ਟੀਚੇ ਤੋਂ ਘੱਟ ਪ੍ਰਵਾਸੀਆਂ ਨੂੰ ਸਵੀਕਾਰ ਕਰੈ। ਇਕ ਨਵੇਂ ਸਰਵੇਖਣ ਵਿਚ ਇਸ ਦਾ ਖੁਲਾਸਾ ਹੋਇਆ ਹੈ। ਅਜਿਹਾ ਚਾਹੁੰਣ ਵਾਲੇ ਲੋਕਾਂ ਦੀ ਗਿਣਤੀ ਮਾਰਚ ਮਹੀਨੇ ਨਾਲੋਂ ਵਧੀ ਹੈ। ਸਰਵੇਖਣ ਵਿਚ ਪਾਇਆ ਕਿ 55 ਫ਼ੀਸਦੀ ਕੈਨੇਡੀਅਨ ਚਾਹੁੰਦੇ ਹਨ ਕਿ ਕੈਨੇਡਾ ਸਰਕਾਰ ਇਸ ਸਾਲ 900000 ਅੰਤਰਰਾਸ਼ਟਰੀ ਵਿਦੇਸ਼ੀ ਵਿਦਿਆਰਥੀਆਂ ਜਿਨ੍ਹਾਂ ਦੀ ਸਰਕਾਰ ਇਸ ਸਾਲ ਆਸ ਕਰ ਰਹੀ ਹੈ ਤੋਂ ਘੱਟ ਨੂੰ ਸਵੀਕਾਰ ਕਰੇ। ਦੀ ਗਲੋਬ ਐਂਡ ਮੇਲ ਲਈ ਕੀਤੀ ਨੈਨੋ ਰਿਸਰਚ ਵਿਚ ਪਾਇਆ ਕਿ ਉਨ੍ਹਾਂ ਕੈਨੇਡੀਅਨਾਂ ਦੀ ਗਿਣਤੀ ਪਿਛਲੇ 6 ਮਹੀਨਿਆਂ ਵਿਚ ਲਗਪਗ 20 ਫ਼ੀਸਦੀ ਵਧੀ ਹੈ ਜਿਹੜੇ ਸੋਚਦੇ ਹਨ ਕਿ ਦੇਸ਼ ਨੂੰ ਓਟਵਾ ਦੇ 2023 ਵਿਚ 465000 ਟੀਚੇ ਨਾਲੋਂ ਘੱਟ ਪ੍ਰਵਾਸੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਸਰਵੇਖਣ ਵਿਚ ਸ਼ਾਮਿਲ 53 ਫ਼ੀਸਦੀ ਚਾਹੁੰਦੇ ਹਨ ਕਿ ਕੈਨੇਡਾ ਫੈਡਰਲ ਸਰਕਾਰ ਆਪਣੀ ਯੋਜਨਾ ਨਾਲੋਂ ਘੱਟ ਪ੍ਰਵਾਸੀਆਂ ਨੂੰ ਸਵੀਕਾਰ ਕਰੇ ਜਦਕਿ ਇਹ ਗਿਣਤੀ ਮਾਰਚ ਵਿਚ 34 ਫ਼ੀਸਦੀ ਸੀ। ਸਿਰਫ ਇਕ ਤਿਹਾਈ ਤੋਂ ਵੱਧ ਲੋਕ ਚਾਹੁੰਦੇ ਹਨ ਕਿ ਓਟਵਾ ਅਨੁਮਾਨਤ ਗਿਣਤੀ ਮੁਤਾਬਿਕ ਹੀ ਪ੍ਰਵਾਸੀਆਂ ਨੂੰ ਸਵੀਕਾਰ ਕਰੇ ਜਦਕਿ 8 ਫ਼ੀਸਦੀ ਸੋਚਦੇ ਹਨ ਕਿ ਕੈਨੇਡਾ ਹੋਰ ਜ਼ਿਆਦਾ ਪ੍ਰਵਾਸੀਆਂ ਨੂੰ ਦੇਸ਼ ਅੰਦਰ ਲੈ ਕੇ ਆਵੇ। ਨੈਨੋਸ ਰਿਸਰਚ ਦੇ ਚੇਅਰਮੈਨ ਨਿਕ ਨੈਨੋਸ ਨੇ ਕਿਹਾ ਕਿ ਚੋਣ ਨਤੀਜਿਆਂ 'ਤੇ ਮਕਾਨਾਂ ਦੇ ਦਬਾਅ ਦਾ ਅਸਰ ਹੈ।




## ਯੂਨੀਵਰਸਿਟੀ ਵਿਚ ਨਸਲਵਾਦ ਖਤਮ ਕਰਨ ਲਈ ਫੈਕਲਟੀ ਮੈਂਬਰ ਪੁਰੇਵਾਲ ਵਲੋਂ ਭੁੱਖ ਹੜਤਾਲ

ਸਰੀ-ਕੇਪੀਯੂ ਵਿਖੇ ਪੋਲੀਟੀਕਲ ਸਾਇੰਸ ਦੇ ਫੈਕਲਟੀ ਮੈਂਬਰ ਨੇ ਪ੍ਰਧਾਨ ਡਾ. ਐਲਨ ਡੇਵਿਸ ਦੇ ਨਸਲਵਾਦ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਅਣਮਿੱਥੇ ਸਮੇਂ ਦੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਡਾ. ਸ਼ਿੰਦਰ ਪੁਰੇਵਾਲ ਨੇ ਕਿਹਾ ਕਿ 2012 ਵਿਚ ਜਦੋਂ ਦੇ ਪ੍ਰਧਾਨ ਡਾ. ਐਲਨ ਡੇਵਿਸ ਯੂਨੀਵਰਸਿਟੀ ਵਿਖੇ ਆਏ ਹਨ ਉਸ ਸਮੇਂ ਤੋਂ ਕੇਪੀਯੂ ਵਿਖੇ ਨਸਲਵਾਦ ਮਹਾਂਮਾਰੀ ਵਾਂਗ ਫੈਲਿਆ ਹੋਇਆ ਹੈ। ਉਨ੍ਹਾਂ ਨੇ ਨਸਲ ਆਧਾਰਤ ਫ਼ੈਸਲੇ ਲਏ। ਕਿਸੇ ਵੀ ਵਿਵਾਦ ਵਿਚ ਸਾਰੇ ਗੈਰ ਗੋਰੇ ਲੋਕ ਲਗਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਡਾ. ਐਲਨ ਡੇਵਿਸ ਦੀ ਅਥਾਰਟੀ ਦੀ ਬਿਨ੍ਹਾਂ ਕਿਸੇ ਹੀਲ ਹੁਜਤ ਦੇ ਪਾਲਣਾ ਕਰਨ। ਡਾ. ਪੁਰੇਵਾਲ ਨੇ ਕਿਹਾ ਕਿ ਪਹਿਲਾਂ ਉਸ ਨੇ ਇਸ ਨਵੀਂ ਬਿਮਾਰੀ ਨਸਲਵਾਦ ਅਤੇ ਵਾਈਟ ਸੁਪਰਮੇਸੀ 'ਤੇ ਆਨਲਾਈਨ ਚਰਚਾ ਸ਼ੁਰੂ ਕੀਤੀ ਸੀ ਪਰ ਡਾ. ਡੇਵਿਸ ਨੂੰ ਇਹ ਗੱਲ ਪਸੰਦ ਨਹੀਂ ਆਈ।






# ਮੋਦੀ ਵਲੋਂ ਭਾਰਤ ਖ਼ਿਲਾਫ਼ ਸਿੱਖਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਲੈ ਕੇ ਟਰੂਡੋ ਕੋਲ ਸਖ਼ਤ ਚਿੰਤਾ ਜ਼ਾਹਿਰ



ਨਵੀਂ ਦਿੱਲੀ-ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿਚ ਜੀ20 ਸੰਮੇਲਨ ਮੌਕੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ ਕੈਨੇਡਾ ਵਿਚ ਭਾਰਤ ਖਿਲਾਫ ਪ੍ਰਦਰਸ਼ਨਾਂ 'ਤੇ ਸਖਤ ਚਿੰਤਾਵਾਂ ਤੋਂ ਜਾਣੂ ਕਰਵਾਇਆ ਹੈ। ਇਹ ਜਾਣਕਾਰੀ ਭਾਰਤ ਨੇ ਇਕ ਬਿਆਨ ਵਿਚ ਦਿੱਤੀ ਹੈ। ਭਾਰਤ ਕੈਨੇਡਾ ਵਿਚ ਸਿੱਖ ਮੁਜ਼ਾਹਰਿਆਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਵੇਦਨਸ਼ੀਲ ਰਿਹਾ ਹੈ। ਜੂਨ ਵਿਚ ਭਾਰਤ ਨੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਬਾਡੀਗਾਰਡਾਂ ਵਲੋਂ 1984 ਵਿਚ ਕੀਤੀ ਹੱਤਿਆ ਨੂੰ ਦਰਸਾਉਂਦੀ ਪਰੇਡ ਦੀ ਇਜਾਜ਼ਤ ਦੇਣ ਲਈ ਕੈਨੇਡਾ ਦੀ ਆਲੋਚਨਾ ਕੀਤੀ ਸੀ ਜਿਸ ਨੂੰ ਸਿੱਖ ਵੱਖਵਾਦੀਆਂ ਵਲੋਂ ਕੀਤੀ ਹਿੰਸਾ ਦੀ ਵਡਿਆਈ ਮੰਨਿਆਂ ਜਾਂਦਾ ਹੈ। ਭਾਰਤ ਨੇ ਬਿਆਨ ਵਿਚ ਦੱਸਿਆ ਕਿ ਉਹ ਵੱਖਵਾਦ ਨੂੰ ਹੱਲਾਸ਼ੇਰੀ ਦੇ ਰਹੇ ਹਨ ਅਤੇ ਭਾਰਤੀ ਕੂਟਨੀਤਕਾਂ ਖਿਲਾਫ ਹਿੰਸਾ ਨੂੰ ਉਕਸਾ ਰਹੇ ਹਨ, ਭਾਰਤੀ ਕੂਟਨੀਤਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਨਾਲ ਕੈਨੇਡਾ ਵਿਚ ਭਾਰਤੀ ਕਮਿਊਨਿਟੀ ਅਤੇ ਉਨ੍ਹਾਂ ਦੇ ਪੂਜਾ ਸਥਾਨਾਂ ਨੂੰ ਧਮਕਾ ਰਹੇ ਹਨ। ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧ ਤਣਾਅ ਵਾਲੇ ਬਣੇ ਹੋਏ ਹਨ ਅਤੇ ਦੋਵਾਂ ਦੇਸ਼ਾਂ ਵਲੋਂ ਇਹ ਕਹਿਣ ਕਿ ਉਨ੍ਹਾਂ ਦਾ ਉਦੇਸ਼ ਇਸ ਸਾਲ ਵਿਚ ਸ਼ੁਰੂਆਤ ਵਿਚ ਸਮਝੌਤਾ ਕਰਨਾ ਹੈ ਤੋਂ ਸਿਰਫ ਤਿੰਨ ਮਹੀਨਿਆਂ ਪਿੱਛੋਂ ਕੈਨੇਡਾ ਨੇ ਇਸ ਮਹੀਨੇ ਭਾਰਤ ਨਾਲ ਪ੍ਰਸਤਾਵਤ ਵਪਾਰ ਸੰਧੀ ਬਾਰੇ ਗੱਲਬਾਤ ਨੂੰ ਰੋਕ ਦਿੱਤਾ ਸੀ। ਇੰਦਰਾ ਗਾਂਧੀ ਵਲੋਂ ਸਿੱਖ ਵੱਖਵਾਦੀਆਂ ਜਿਹੜੇ ਖਾਲਿਸਤਾਨ ਦੇ ਨਾਂਅ ਨਾਲ ਜਾਣੇ ਜਾਂਦੇ ਸੁਤੰਤਰ ਦੇਸ਼ ਦੀ ਮੰਗ ਕਰ ਰਹੇ ਸਨ ਨੂੰ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਵਿਚੋਂ ਬਾਹਰ ਕੱਢਣ ਲਈ ਆਪਰੇਸ਼ਨ ਨੀਲਾ ਤਾਰਾ ਦੀ ਇਜਾਜ਼ਤ ਦੇਣ ਪਿੱਛੋਂ 1984 ਵਿਚ ਉਸ ਦੇ ਸਿੱਖ ਸੁਰੱਖਿਆ ਗਾਰਡਾਂ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ। ਭਾਰਤੀ ਪੰਜਾਬ ਤੋਂ ਬਾਹਰ ਕੈਨੇਡਾ ਵਿਚ ਸਿੱਖਾਂ ਦੀ ਸਭ ਤੋਂ ਜ਼ਿਆਦਾ ਆਬਾਦੀ ਹੈ ਅਤੇ ਇਹ ਦੇਸ਼ ਬਹੁਤ ਸਾਰੇ ਪ੍ਰਦਰਸ਼ਨਾਂ ਦਾ ਸਥਾਨ ਰਿਹਾ ਹੈ ਜਿਸ ਨੇ ਭਾਰਤ ਨੂੰ ਚਿੜਾਇਆ ਹੈ। ਉਧਰ ਟਰੂਡੋ ਨੇ ਨਵੀਂ ਦਿੱਲੀ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤੀ ਪੂਰਣ ਵਿਰੋਧ ਦੀ ਰੱਖਿਆ ਕਰੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਸੀਂ ਹਿੰਸਾ ਅਤੇ ਨਫਰਤ ਨੂੰ ਰੋਕਣ ਲਈ ਮੁਸਤੈਦ ਹਾਂ। ਉਨ੍ਹਾਂ ਅੱਗੇ ਕਿਹਾ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਸਮੁੱਚੀ ਕਮਿਊਨਿਟੀ ਜਾਂ ਕੈਨੇਡਾ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਪ੍ਰਧਾਨ ਮੰਤਰੀ ਦਫ਼ਤਰ ਨੇ ਦੱਸਿਆ ਕਿ ਜਹਾਜ਼ ਵਿਚ ਤਕਨੀਕੀ ਨੁਕਸ ਕਾਰਨ ਟਰੂਡੋ ਦੀ ਜੀ20 ਸੰਮੇਲਨ ਤੋਂ ਵਾਪਸੀ ਵਿਚ ਦੇਰੀ ਹੋਈ ਹੈ।

## ਮਨੀਟੋਬਾ ਵਿਚ ਪਾਰਟੀ ਨੇਤਾਵਾਂ ਵਲੋਂ ਆਰਥਿਕਤਾ, ਮਕਾਨ ਤੇ ਸੁਰੱਖਿਆ 'ਤੇ ਜ਼ੋਰ

ਵਿਨੀਪੈਗ-ਮਨੀਟੋਬਾ ਦੀਆਂ ਤਿੰਨ ਮੁੱਖ ਪਾਰਟੀਆਂ ਦੇ ਨੇਤਾ ਸੂਬੇ ਦੀ ਚਲ ਰਹੀ ਚੋਣ ਮੁਹਿੰਮ ਵਿਚ ਪਹਿਲੀ ਵਾਰ ਜਨਤਾ ਦੇ ਸਾਹਮਣੇ ਆਉਣ ਦੌਰਾਨ ਆਰਥਿਕਤਾ, ਸੁਰੱਖਿਆ ਅਤੇ ਦੂਸਰੇ ਮੁੱਦਿਆਂ 'ਤੇ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਮਨੀਟੋਬਾ ਹੈਵੀ ਕੰਸਟਰੱਕਸ਼ਨ ਐਸੋਸੀਏਸਨ ਵਲੋਂ ਆਯੋਜਿਤ ਫੋਰਮ ਨੂੰ ਨੇਤਾਵਾਂ ਨੇ ਦੱਸਿਆ ਕਿ ਉਹ ਪ੍ਰਮੁੱਖ ਹਾਈਵੇਜ਼ 'ਤੇ 24 ਘੰਟੇ ਬਰਫ ਦੀ ਸਫਾਈ ਬਹਾਲ ਕਰਨਗੇ ਜਿਸ ਵਿਚ ਪਿਛਲੇ ਸਾਲਾਂ ਵਿਚ ਕਟੌਤੀ ਕੀਤੀ ਗਈ ਹੈ। ਆਰਥਿਕਤਾ ਦੇ ਮੁੱਦੇ 'ਤੇ ਪ੍ਰੋਗਰੈਸਿਵ ਕੰਸਰਵੇਟਿਵ ਨੇਤਾ ਹੀਥਰ ਸਟੀਫਨਸਨ ਨੇ ਕਿਹਾ ਕਿ ਜੇਕਰ 3 ਅਕਤੂਬਰ ਨੂੰ ਉਨ੍ਹਾਂ ਦੀ ਪਾਰਟੀ ਮੁੜ ਚੁਣੀ ਗਈ ਤਾਂ ਆਮਦਨ ਤੇ ਕਾਰੋਬਾਰੀ ਟੈਕਸ ਵਿਚ ਕਟੌਤੀ ਕੀਤੀ ਜਾਵੇਗੀ ਜਿਸ ਨਾਲ ਨਿਵੇਸ਼ ਅਤੇ ਨੌਕਰੀਆਂ ਵਧਣਗੀਆਂ। ਐਨਡੀਪੀ ਨੇਤਾ ਵੈਬ ਕਿਨਿਊ ਨੇ ਕਿਹਾ ਕਿ ਉਹ ਕਾਰੋਬਾਰੀਆਂ ਨੂੰ ਆਕਰਸ਼ਤ ਕਰਨ ਲਈ ਬਿਜਲੀ ਦਰਾਂ ਘੱਟ ਰੱਖਣਗੇ ਅਤੇ ਹਾਈਡਰੋਜਨ ਵਿਕਾਸ ਤੇ ਅਹਿਮ ਖਣਿਜਾਂ ਵਰਗੇ ਖੇਤਰਾਂ 'ਤੇ ਧਿਆਨ ਦੇਣਗੇ। ਲਿਬਰਲ ਨੇਤਾ ਡੌਗਲਡ ਲੈਮੋਂਟ ਨੇ ਕਿਹਾ ਕਿ ਉਹ ਇਕ ਸੂਬਾਈ ਵਪਾਰ ਬੈਂਕ ਸਥਾਪਤ ਕਰਨਗੇ ਤਾਂ ਜੋ ਕਾਰੋਬਾਰ ਵਧੇਰੇ ਆਸਾਨੀ ਨਾਲ ਪੂੰਜੀ ਤਕ ਪਹੁੰਚ ਕਰ ਸਕਣ। ਨੇਤਾਵਾਂ ਵਲੋਂ ਚੋਣਾਂ ਤੋਂ ਪਹਿਲਾਂ ਹੋਰ ਬਹਿਸਾਂ ਵਿਚ ਹਿੱਸਾ ਲੈਣ ਦਾ ਪ੍ਰੋਗਰਾਮ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਤਰਲੋਕ ਸਿੰਘ ਚੁੱਘ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਂਵਾਂ
ਸਵੈਜੀਵਨੀ
ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼
ਖਿੱਦੋ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਕੈਨੇਡਾ ਵਿਚ ਪੰਜਾਬੀ ਮੀਡੀਆ ਦੀ ਧੌਂਸ... ਬਦਹਜ਼ਮੀ ਵਾਲਾ ਸਵਾਲ...!

**ਸੁਖਵਿੰਦਰ ਸਿੰਘ ਚੋਹਲਾ**

ਸਮਾਜਿਕ ਜੀਵਨ ਵਿਚ ਮਨੁੱਖ ਦੇ ਮਾਣ-ਸਨਮਾਨ ਦੀ ਅਹਿਮੀਅਤ ਦੇ ਵਿਪਰੀਤ ਕਿਸੇ ਦੇ ਅਪਮਾਨ ਜਾਂ ਸਨਮਾਨ ਨੂੰ ਠੇਸ ਪਹੁੰਚਾਉਣ ਦਾ ਯਤਨ ਵਿਅਕਤੀ ਵਿਸ਼ੇਸ਼ ਦੀ ਜਿੰਦਗੀ ਨੂੰ ਪ੍ਰਭਾਵਿਤ ਕਰਨ ਦੇ ਨਾਲ ਸਮੁੱਚੇ ਸਮਾਜ ਉਪਰ ਵੀ ਗਹਿਰਾ ਪ੍ਰਭਾਵ ਪਾਉਂਦਾ ਹੈ। ਦੂਸਰਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਜਾਂ ਵਿਰੋਧੀ ਵਿਚਾਰਾਂ ਨੂੰ ਵੀ ਸਹਿਣ ਕਰਨ ਦੀ ਪ੍ਰਵਿਰਤੀ ਇਕ ਚੰਗੇ ਸਮਾਜ ਦੀ ਉਸਾਰੀ ਲਈ ਜਾਮਨ ਬਣਦੀ ਹੈ ਪਰ ਨਾਪਸੰਦਗੀ ਤੇ ਅਸਹਿਣਸ਼ੀਲਤਾ ਦਾ ਵਿਵਹਾਰ ਮਨਾਂ ਵਿਚ ਜ਼ਹਿਰ ਭਰਨ ਦੇ ਨਾਲ ਭਾਈਚਾਰਕ ਸਾਂਝਾ ਨੂੰ ਵੀ ਤਾਰ -ਤਾਰ ਕਰ ਦਿੰਦਾ ਹੈ।

ਇਕ ਚੰਗੇ ਸਮਾਜ ਦੀ ਉਸਾਰੀ ਵਿਚ ਮੀਡੀਆ ਦਾ ਵੱਡਾ ਯੋਗਦਾਨ ਸਮਝਿਆ ਜਾਂਦਾ ਹੈ। ਲੋਕਾਂ ਨੂੰ ਸਹੀ ਅਤੇ ਪੁਖਤਾ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ ਮੀਡੀਆ ਵਲੋਂ ਅੱਛੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਨਾ ਵੀ ਉਸਦੀਆਂ ਇਖਲਾਕੀ ਜਿੰਮੇਵਾਰੀਆਂ ਵਿਚ ਸ਼ਾਮਿਲ ਹੈ। ਪਰ ਵੇਖਣ ਵਿਚ ਆਉਂਦਾ ਹੈ ਕਿ ਮੀਡੀਆ ਦਾ ਇਕ ਹਿੱਸਾ -ਸਮੂਹਿਕ ਜਾਂ ਵਿਅਕਤੀਗਤ ਤੌਰ ਤੇ ਆਪਣੇ ਨਿੱਜੀ ਤੇ ਸੌੜੇ ਹਿੱਤਾਂ ਦੀ ਤਰਜੀਹਾਂ ਤਹਿਤ ਇਖਲਾਕੀ ਜਿੰਮੇਵਾਰੀਆਂ ਦੀਆਂ ਹੱਦਾਂ ਪਾਰ ਕਰ ਜਾਂਦਾ ਹੈ। ਸੌੜੇ ਹਿੱਤਾਂ ਤੋ ਪ੍ਰੇਰਿਤ ਮੀਡੀਆ ਦਾ ਅਜਿਹਾ ਵਰਗ ਲੋਕਾਂ ਨੂੰ ਗੁੰਮਰਾਹ ਕਰਨ ਦੇ ਨਾਲ ਸਮਾਜਿਕ ਤੇ ਭਾਈਚਾਰਕਾ ਸਾਂਝਾ ਨੂੰ ਤੋੜਨ ਤੇ ਫਿਰਕੂ ਨਫਰਤ ਫੈਲਾਉਣ ਦਾ ਵੀ ਭਾਗੀ ਬਣਦਾ ਹੈ। ਮੀਡੀਆ ਦੇ ਅਜਿਹੇ ਵਰਗ ਵਿਚ ਕੁਝ ਮੀਡੀਆ ਕਰਮੀ ਅਜਿਹੇ ਵੀ ਹੁੰਦੇ ਹਨ ਜੋ ਖੁਦ ਨੂੰ ਦੱਸਦੇ ਤਾਂ ਸਮਾਜਿਕ ਹਿੱਤਾਂ ਦੇ ਪਹਿਰੇਦਾਰ ਹਨ ਪਰ ਕਿਸੇ ਇਕ ਵਿਸ਼ੇਸ਼ ਗਰੁੱਪ ਜਾਂ ਫਿਰਕੇ ਦਾ ਪੱਖ ਪੂਰਦਿਆਂ ਇਸ ਹੱਦ ਤੱਕ ਚਲੇ ਜਾਂਦੇ ਹਨ, ਜੋ ਸਮਾਜਿਕ ਕਦਰਾਂ ਕੀਮਤਾਂ ਨੂੰ ਮਲੀਨ ਕਰਨ ਦੇ ਨਾਲ ਸਮਾਜਿਕ ਨਫਰਤ ਤੇ ਵੰਡੀਆਂ ਵਧਾਉਣ ਦਾ ਸਬੱਬ ਬਣਦੇ ਹਨ।

ਬੀਤੇ ਦਿਨ ਪੰਜਾਬੀ ਪ੍ਰੈਸ ਕਲੱਬ ਬੀ ਸੀ ਵਲੋਂ ਮੀਡੀਆ ਵਿਚ ਸਰਗਰਮ ਅਜਿਹੇ ਤੱਤਾਂ ਦੀ ਨਿਸ਼ਾਨਦੇਹੀ ਕਰਨ ਅਤੇ ਸਮਾਜਿਕ ਜਾਗਰੁਕਤਾ ਲਈ ਉਦਮ ਕਰਦਿਆਂ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸਦਾ ਵਿਸ਼ਾ ਸੀ "ਸਟੌਪ ਬੁਲਿੰਗ ਬਾਇ ਮੀਡੀਆ" ( ਮੀਡੀਆ ਦੀ ਧੌਂਸ ਨੂੰ ਰੋਕਣਾ)

ਇਸ ਸੈਮੀਨਾਰ ਦੌਰਾਨ ਪੰਜਾਬ ਤੋਂ ਆਏ ਵਿਦਵਾਨ ਸੱਜਣਾਂ ਲਈ ਇਹ ਵਿਸ਼ਾ ਹੈਰਾਨੀਜਨਕ ਸੀ। ਉਹਨਾਂ ਨੂੰ ਮੀਡੀਆ ਸਾਹਵੇਂ ਦਰਪੇਸ਼ ਚੁਣੌਤੀਆਂ ਦੀ ਗੱਲ ਸਮਝ ਵਿਚ ਆਉਂਦੀ ਹੈ ਪਰ ਮੀਡੀਆ ਦੀ ਧੌਂਸ ਬਾਰੇ ਗੱਲ ਕਰਨਾ ਆਪਣੀ ਪੀੜੀ ਹੇਠ ਸੋਟਾ ਫੇਰਨ ਦੇ ਯਤਨ ਵਾਂਗ ਲੱਗਾ। ਵਿਦਵਾਨ ਸੱਜਣਾਂ ਨੇ ਇਸ ਵਿਸ਼ੇ ਉਪਰ ਗੱਲ ਕਰਨ ਲਈ ਪੰਜਾਬੀ ਪ੍ਰੈਸ ਕਲੱਬ ਦੇ ਆਯੋਜਕਾਂ ਨੂੰ ਵਧਾਈ ਦਿੱਤੀ ਤੇ ਇੰਡੀਆ ਤੇ ਕੈਨੇਡਾ ਦੇ ਸਮਾਜਿਕ ਸਰੋਕਾਰਾਂ ਤੇ ਮੀਡੀਆ ਦੀ ਭੂਮਿਕਾ ਬਾਰੇ ਚਰਚਾ ਕੀਤੀ। ਭਾਰਤ ਵਰਗੇ ਮੁਲਕ ਵਿਚ ਜਿਥੇ ਸੱਤਾਧਾਰੀ ਪਾਰਟੀਆਂ, ਹਾਕਮ ਤੇ ਬਿਓਰੋਕਰੇਸੀ ਦੀ ਮੀਡੀਆ ਉਪਰ ਧੌਂਸ ਆਮ ਵੇਖੀ ਜਾਂਦੀ ਹੈ ਤੇ ਮੀਡੀਆ ਕਰਮੀਆਂ ਨੂੰ ਸੱਚ ਬੋਲਣ ਲਈ ਕੀ ਕੁਝ ਸਹਿਣ ਕਰਨਾ ਪੈਂਦਾ ਹੈ। ਜਿਥੇ ਮੀਡੀਆ ਅਦਾਰੇ ਖਰੀਦ ਲਏ ਜਾਂਦੇ ਹਨ ਤੇ ਇਕ ਆਮ ਪੱਤਰਕਾਰ ਦੀ ਹੈਸੀਅਤ ਕਠਪੁੱਤਲੀ ਤੋਂ ਵੱਧ ਨਹੀ ਹੁੰਦੀ ਤੇ ਜ਼ਮੀਰ ਵਾਲੇ ਪੱਤਰਕਾਰਾਂ ਨੂੰ ਨੌਕਰੀ ਗਵਾਉਣ ਜਾਂ ਜ਼ਲੀਲ ਹੋਣ ਲਈ ਹਰ ਸਮੇਂ ਤਿਆਰ ਰਹਿਣਾ ਪੈਂਦਾ ਹੈ। ਵਿਦਵਾਨ ਸੱਜਣਾਂ ਨੂੰ ਇਹ ਸਮਝ ਨਹੀ ਆਈ ਕਿ ਕੈਨੇਡਾ ਵਿਚ ਜਿਥੇ ਪੰਜਾਬੀ ਮੀਡੀਆ ਮੇਨ ਸਟਰੀਮ ਮੀਡੀਆ ਨਾਲ ਬਰਾਬਰ ਦਾ ਮਾਣ ਸਨਮਾਨ ਪਾ ਰਿਹਾ ਹੈ, ਸਰਕਾਰ ਤੇ ਪ੍ਰਸਾਸ਼ਨ ਵਲੋਂ ਉਸ ਉਪਰ ਕੋਈ ਪ੍ਰਤੱਖ ਦਬਾਅ ਨਹੀ। ਉਸਨੂੰ ਖਰੀਦੇ ਜਾਣ ਦੀ ਕੋਈ ਸ਼ੰਕਾ ਨਹੀ। ਉਸਦੇ ਆਮਦਨ ਸਰੋਤਾਂ ਨੂੰ ਕੋਈ ਖਤਰਾ ਨਹੀ। ਫਿਰ ਇਹ ਮੀਡੀਆ ਧੌਂਸ ਦਾ ਸਵਾਲ ਕਿਉਂ। ਪੰਜਾਬ ਤੋਂ ਆਉਣ ਵਾਲਾ ਕੋਈ ਵੀ ਪੱਤਰਕਾਰ ਜਾਂ ਮੀਡੀਆ ਨਾਲ ਸਰੋਕਾਰ ਰੱਖਣ ਵਾਲਾ ਕੋਈ ਵੀ ਵਿਅਕਤੀ ਕੈਨੇਡਾ ਵਿਚ ਮੀਡੀਆ ਦੀ ਇਸ ਧੌਂਸ ਬਾਰੇ ਹੈਰਾਨੀ ਪ੍ਰਗਟ ਜਰੂਰ ਕਰੇਗਾ। ਕਿਉਂਕਿ ਉਹ ਨਹੀ ਜਾਣਦੇ ਹਨ ਕਿ ਕੈਨੇਡਾ ਦੇ ਪੰਜਾਬੀ ਭਾਈਚਾਰੇ ਵਿਚ ਸਥਾਪਿਤ ਇਕ ਵਰਗ ਅਜਿਹਾ ਹੈ ਜਿਥੇ ਵਿਪਰੀਤ ਵਿਚਾਰਾਂ ਵਾਲੇ ਕਿਸੇ ਮੀਡੀਆ ਕਰਮੀ ਜਾਂ ਆਮ ਵਿਅਕਤੀ ਲਈ ਕੋਈ ਥਾਂ ਨਹੀ। ਜਿਥੇ ਕਿਸੇ ਰੇਡੀਓ ਹੋਸਟ ਦਾ ਬਾਈਕਾਟ ਤੇ ਦਫਤਰ ਮੂਹਰੇ ਧਰਨਾ ਲਗਾਉਣ ਦਾ ਐਲਾਨ ਵੀ ਹੋ ਸਕਦਾ ਹੈ। ਕਿਸੇ ਅਖਬਾਰ ਦੇ ਬੰਡਲ ਨੂੰ ਕਿਸੇ ਸਰਬ ਸਾਂਝੀ ਸੰਸਥਾ ਦੇ ਦਰਾਂ ਤੋਂ ਗਾਰਬੇਜ਼ ਬਿਨ ਵਿਚ ਸੁੱਟੇ ਜਾਣ ਦੀ ਸਜਾ ਵੀ ਦਿੱਤੀ ਜਾ ਸਕਦੀ ਹੈ। ਜਿਥੇ ਦੂਸਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਨਹੀ। ਉਹਨਾਂ ਲਈ ਸੱਚ ਕੇਵਲ ਉਹੀ ਹੈ ਜੋ ਉਹਨਾਂ ਦਾ ਆਪਣਾ ਹੈ। ਅਗਰ ਕੋਈ ਉਹਨਾਂ ਦੇ ਸੱਚ ਨੂੰ ਝੂਠ ਦੱਸਣ ਦੀ ਕੋਸ਼ਿਸ ਕਰੇਗਾ ਤਾਂ ਉਸਦਾ ਸਮਾਜਿਕ ਬਾਈਕਾਟ ਸੰਭਵ ਹੈ। ਉਸ ਉਪਰ ਏਜੰਸੀਆਂ ਦਾ ਏਜੰਟ ਹੋਣ ਦਾ ਠੱਪਾ ਲਗਾਇਆ ਜਾ ਸਕਦਾ ਹੈ। ਹੈਰਾਨਕੁੰਨ ਹੈ ਉਹਨਾਂ ਦੀ ਪਹੁੰਚ ਕਿ ਉਹਨਾਂ ਲਈ ਇੰਡੀਆ ਕੋਈ ਵਤਨ ਨਹੀ, ਦੁਸ਼ਮਣ ਦੇਸ਼ ਹੈ।




ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਈਚਾਰੇ ਵਿਚ ਸਥਾਪਿਤ ਇਸ ਵਰਗ ਦੀਆਂ ਆਪਣੇ ਭਾਈਚਾਰੇ ਦੇ ਵੱਕਾਰ ਅਤੇ ਸਨਮਾਨ ਲਈ ਵੀ ਕੋਈ ਭਾਵਨਾਵਾਂ ਹਨ। ਵਿਪਰੀਤ ਵਿਚਾਰਾਂ ਵਾਲੇ ਨੂੰ ਉਹਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਬਣਦਾ ਹੈ। ਪਰ ਇਹ ਭਾਵਨਾਵਾਂ ਦਾ ਸਤਿਕਾਰ ਇਕ ਪਾਸੜ ਹੀ ਕਿਉਂ? ਕੈਨੇਡਾ ਵਿਚ ਪੰਜਾਬੀ ਮੀਡੀਆ ਵਿਚ ਸਭ ਤੋਂ ਸੱਸ਼ਕਤ ਮੀਡੀਆ ਰੇਡੀਓ ਦਾ ਮਾਧਿਅਮ ਹੈ। ਸੈਮੀਨਾਰ ਦੇ ਮੁੱਖ ਮਹਿਮਾਨ ਦਾ ਵਿਚਾਰ ਸੀ ਕਿ ਇਸ ਮਾਧਿਅਮ ਉਪਰ ਸੀ ਆਰ ਸੀ ਟੀ ਦਾ ਕੋਈ ਕੰਟਰੋਲ ਨਹੀ ਹੈ। ਨਿੱਜੀ ਤੌਰ ਤੇ ਚੈਨਲ ਚਲਾਉਣ ਵਾਲੇ ਲੋਕ ਆਪਣੀ ਮਰਜੀ ਲੋਕਾਂ ਉਪਰ ਥੋਪਣ ਦਾ ਯਤਨ ਕਰਦੇ ਹਨ। ਵਿਅਕਤੀਗਰਤ ਰਾਇ ਲਈ ਕੋਈ ਸਨਮਾਨ ਜਾਂ ਥਾਂ ਨਹੀ ਹੈ। ਕਈ ਰੇਡੀਓ ਹੋਸਟ ਮਾਣ ਮਰਿਯਾਦਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਨ। ਉਹਨਾਂ ਦੇ ਨਿੱਜੀ ਵਿਚਾਰ ਹੋਣ ਜਾਂ ਉਹਨਾਂ ਦੇ ਪਿੱਛੇ ਬੈਠੀ ਕਿਸੇ ਤਾਕਤ ਦਾ ਕੋਈ ਸੰਕੇਤ। ਅਜਿਹੀ ਸਥਿਤੀ ਵਿਚ ਭਾਈਚਾਰਕ ਸਾਂਝਾ ਨੂੰ ਆਂਚ ਤਾਂ ਆਉਂਦੀ ਹੈ, ਭਾਈਚਾਰੇ ਦਾ ਵੱਕਾਰ ਵੀ ਦਾਅ ਉਪਰ ਲੱਗ ਜਾਂਦਾ ਹੈ। ਅਜਿਹੀ ਸਥਿਤੀ ਦੀ ਹੀ ਦੇਣ ਹੈ ਕਿ ਬਹੁਗਿਣਤੀ ਕੈਨੇਡੀਅਨ ਪੰਜਾਬੀ ਬੱਚੇ ਪੰਜਾਬੀ ਮੀਡੀਆ ਨਾਲ ਨੇੜਲਾ ਸੰਪਰਕ ਰੱਖਣ ਤੋ ਗੁਰੇਜ਼ ਕਰਦੇ ਹਨ। ਇਕ ਵਿਦਵਾਨ ਸੱਜਣ ਦਾ ਵਿਚਾਰ ਸੀ ਕਿ ਕੈਨੇਡਾ ਵਿਚ ਪੰਜਾਬੀ ਮੀਡੀਆ ਦੀ ਧੌਂਸ ਦਾ ਇਕ ਉਹ ਦੌਰ ਵੀ ਸੀ ਜਦੋਂ ਕਿਸੇ ਅਖਬਾਰ ਦੀ ਅਪਮਾਨਜਨਕ ਸੁਰਖੀ ਕਿਸੇ ਨੂੰ ਖੁਦਕੁਸ਼ੀ ਕਰਨ ਲਈ ਮਜ਼ਬੂਰ ਕਰ ਦੇਵੇ। ਅਜਿਹਾ ਮੀਡੀਆ ਕਰਮੀ ਜਾਂ ਅਦਾਰਾ ਕਿਸੇ ਹੱਦ ਤੱਕ ਪੱਤਰਕਾਰੀ ਦੀ ਮਰਿਯਾਦਾ ਤੋੜਨ ਲਈ ਜਿੰਮੇਵਾਰ ਹੋ ਸਕਦਾ ਹੈ ਪਰ ਕਿਸੇ ਅਦਾਲਤੀ ਪ੍ਰਕਿਰਿਆ ਦਾ ਸਹਾਰਾ ਲੈਣ ਦੀ ਥਾਂ ਮੀਡੀਆ ਦੀ ਜੁਬਾਨਬੰਦੀ ਲਈ ਕਿਸੇ ਨੂੰ ਕਤਲ ਕਰ ਦੇਣਾ ਵੀ ਕਿਥੋਂ ਦੀ ਇਨਸਾਨੀਅਤ ਹੈ।

ਇਕ ਵਿਦਵਾਨ ਸੱਜਣ ਵਲੋਂ ਕੈਨੇਡੀਅਨ ਪੰਜਾਬੀ ਮੀਡੀਆ ਵਲੋਂ ਪੰਜਾਬੀ ਜੁਬਾਨ ਦੀ ਤਰੱਕੀ ਦੇ ਨਾਲ ਵਿਰਸੇ ਦੀ ਸਾਂਭ ਸੰਭਾਲ ਵਾਸਤੇ ਉਦਮ, ਪੰਜਾਬ ਦੇ ਮੀਡੀਆ ਕਰਮੀਆਂ ਦੀਆਂ ਸੇਵਾਵਾਂ ਲੈਣ, ਉਹਨਾਂ ਲਈ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਅਤੇ ਪੰਜਾਬ ਤੋਂ ਬਾਹਰ ਵਸਦੇ ਪੰਜਾਬ ਦੀ ਪਿਤਰੀ ਪੰਜਾਬ ਨਾਲ ਸਾਂਝ ਦੀ ਮਜ਼ਬੂਤੀ ਲਈ ਭੂਮਿਕਾ ਦੀ ਸ਼ਲਾਘਾ ਕਰਦਿਆਂ ਪੰਜਾਬੀ ਮੀਡੀਆ ਦੀ ਹੋਰ ਬੁਲੰਦੀ ਦੀ ਕਾਮਨਾ ਕੀਤੀ ਗਈ ਪਰ ਸਹੀ ਮਾਅਨਿਆਂ ਵਿਚ ਇਸ ਕਾਮਨਾ ਦੀ ਪੂਰਤੀ ਤਾਂ ਹੀ ਸੰਭਵ ਹੈ ਅਗਰ ਇਕ ਦੂਸਰੇ ਉਪਰ ਆਪਣੀ ਰਾਇ ਜਾਂ ਵਿਚਾਰਾਂ ਨੂੰ ਥੋਪਣ ਦੀ ਬਿਜਾਏ, ਭਾਵਨਾਵਾਂ ਦੇ ਸਤਿਕਾਰ ਨੂੰ ਪਹਿਲ ਮਿਲੇ ਤੇ ਇਕ ਚੰਗੇ ਸਮਾਜ ਦੇ ਨਿਰਮਾਣ ਲਈ ਸੁਹਿਰਦ ਯਤਨ ਹੋਣ। ਕੈਨੇਡੀਅਨ ਪੰਜਾਬੀ ਮੀਡੀਆ ਵਲੋਂ ਹਰ ਸਮੇਂ ਇੰਡੀਆ.. ਇੰਡੀਆ, ਪੰਜਾਬ...ਪੰਜਾਬ ਤੇ ਪੰਜਾਬ ਦੀ ਸਿਆਸਤ ਤੋ ਬਿਨਾਂ ਆਪਣੇ ਅਪਣਾਏ ਮੁਲਕ ਦੀਆਂ ਪ੍ਰਾਪਤੀਆਂ, ਸਮੱਸਿਆਵਾਂ ਤੇ ਉਲਝਣਾਂ ਨੂੰ ਵੀ ਗੱਲਬਾਤ ਦਾ ਹਿੱਸਾ ਬਣਾ ਲਿਆ ਜਾਵੇ ਤਾਂ ਸ਼ਾਇਦ ਮਾਨਸਿਕ ਤੌਰ ਤੇ ਪੰਜਾਬ ਵਿਚ ਵਸਦੀ ਕੈਨੇਡੀਅਨ ਪੰਜਾਬੀ ਵਸੋਂ ਦਾ ਸੋਹਣੇ ਦੇਸ਼ ਕੈਨੇਡਾ ਵਿਚ ਵੀ ਬੇਹਤਰ ਤੇ ਸੁਖਦਾਈ ਵਸੇਬਾ ਸੰਭਵ ਬਣ ਜਾਏ।


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

**FAST** ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਲਿਬੀਆ ਵਿਚ ਹੜ੍ਹਾਂ ਨਾਲ 10 ਹਜ਼ਾਰ ਵਿਅਕਤੀਆਂ ਦੀ ਮੌਤ ਜਾਂ ਲਾਪਤਾ

ਤ੍ਰਿਪੋਲੀ–ਲਿਬੀਆ ਵਿਚ ਵਿਨਾਸ਼ਕਾਰੀ ਤੂਫਾਨ ਅਤੇ ਹੜ੍ਹਾਂ ਨਾਲ 10 ਹਜ਼ਾਰ ਤੋਂ ਵੱਧ ਵਿਅਕਤੀ ਮਾਰੇ ਗਏ ਜਾਂ ਲਾਪਤਾ ਹੋ ਗਏ। ਹੜ੍ਹਾਂ ਨੇ ਡੈਮਾਂ ਨੂੰ ਤਬਾਹ ਕਰ ਦਿੱਤਾ ਅਤੇ ਸੈਂਕੜੇ ਇਮਾਰਤਾਂ ਢਹਿ ਢੇਰੀ ਹੋ ਗਈਆਂ। ਵਿਰੋਧੀ ਸਰਕਾਰਾਂ ਵਿਚ ਫਸੇ ਦੇਸ਼ ਦੇ ਲੋਕਾਂ ਵਿਚ ਹੜ੍ਹ ਦੀ ਚਿਤਾਵਨੀ ਦੀ ਘਾਟ ਨੂੰ ਲੈ ਕੇ ਵਿਆਪਕ ਗੁੱਸਾ ਫੈਲ ਰਿਹਾ ਹੈ। ਹੁਣ ਤਕ 1000 ਤੋਂ ਵੀ ਜ਼ਿਆਦਾ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਪਰ ਸਥਾਨਕ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਪੰਜ ਹਜ਼ਾਰ ਵਿਅਕਤੀ ਮਾਰੇ ਗਏ ਹਨ ਅਤੇ ਕਈ ਹਜ਼ਾਰ ਲਾਪਤਾ ਹਨ। ਉਨ੍ਹਾਂ ਦੱਸਿਆ ਕਿ ਦੋ ਡੈਮ ਟੁੱਟਣ ਪਿੱਛੋਂ ਆਏ ਵੱਡੇ ਹੜ੍ਹ ਨਾਲ ਇਕ ਲੱਖ ਦੀ ਆਬਾਦੀ ਵਾਲੇ ਡੇਰਨਾ ਸ਼ਹਿਰ ਦੇ ਇਕ ਚੌਥਾਈ ਹਿੱਸੇ ਦਾ ਸਫਾਇਆ ਹੋ ਗਿਆ ਹੈ। ਇਮਾਰਤਾਂ ਅਤੇ ਤਟਵਰਤੀ ਹਾਈਵੇਅ ਸਮੁੰਦਰ ਵਿਚ ਵਹਿ ਗਏ ਹਨ। ਅਚਾਨਕ ਹੜ੍ਹ ਤੂਫਾਨ ਡੇਨੀਅਲ ਨਾਲ ਆਏ ਹਨ ਜਿਹੜਾ ਇਕ ਸ਼ਕਤੀਸ਼ਾਲੀ ਹੌਲੀ ਹੌਲੀ ਅੱਗੇ ਵਧ ਰਹੀ ਤੂਫਾਨ ਪ੍ਰਣਾਲੀ ਹੈ ਜਿਸ ਨੇ ਪਿਛਲੇ ਹਫ਼ਤੇ ਗਰੀਸ ਵਿਚ ਰਿਕਾਰਡ ਵਰਖਾ ਕੀਤੀ ਜਿਸ ਨਾਲ 15 ਵਿਅਕਤੀਆਂ ਦੀ ਮੌਤ ਹੋ ਗਈ। ਇਸ ਪਿੱਛੋਂ ਇਹ ਲਿਬੀਆ ਦੇ ਦੱਖਣ ਵੱਲ ਚਲਾ ਗਿਆ ਜਿਥੇ ਇਸ ਨਾਲ ਇਸੇ ਹਫਤੇ ਬੇਨਗਾਜ਼ੀ ਤੇ ਦੂਸਰੇ ਸ਼ਹਿਰਾਂ ਵਿਚ ਭਾਰੀ ਬਾਰਸ਼ ਹੋਈ।



## ਬੀ.ਸੀ. ਵਲੋਂ ਨਵੇਂ ਕਲੋਵਰਡੇਲ ਹਸਪਤਾਲ ਦੀ ਉਸਾਰੀ ਦਾ ਕੰਮ ਸ਼ੁਰੂ



ਵਿਕਟੋਰੀਆ–ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਆਖਰਕਾਰ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਕਲੋਵਰਡੇਲ ਹਸਪਤਾਲ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਪ੍ਰਾਜੈਕਟ ਦੀ ਲਾਗਤ ਇਕ ਅਰਬ ਡਾਲਰ ਤੋਂ ਜ਼ਿਆਦਾ ਵਧ ਗਈ ਹੈ। ਐਲਾਨਾਂ ਸਮੇਂ ਬੀਸੀ ਦੇ ਪ੍ਰੀਮੀਅਰ ਡੇਵਿਡ ਏਬੀ, ਸਰੀ-ਕਲੋਵਰਡੇਲ ਐਮਐਲਏ ਮਾਈਕ ਸਟਾਰਚੁਕ ਅਤੇ ਮਿਉਂਸਪਲ ਤੇ ਸੂਬਾ ਸਰਕਾਰਾਂ ਦੀਆਂ ਦੂਸਰੀਆਂ ਸ਼ਖਸੀਅਤਾਂ ਦੇ ਨਾਲ ਨਾਲ ਕੈਟਜ਼ੀ, ਕਵਾਂਟਲੇਨ ਅਤੇ ਸੇਮੀਆਹਮੂ ਫਸਟ ਨੇਸ਼ਨਜ਼ ਦੇ ਪ੍ਰਤੀਨਿਧ ਮੌਜੂਦ ਸਨ। ਸਟਾਰਚੁਕ ਨੇ ਕਿਹਾ ਕਿ ਉਹ ਹੁਣ ਆਪਣੇ ਉਤਸ਼ਾਹ ਨੂੰ ਨਹੀਂ ਰੋਕ ਸਕਦਾ ਹੈ ਕਿਉਂਕਿ ਪ੍ਰਾਜੈਕਟ ਅਧਿਕਾਰਤ ਤੌਰ 'ਤੇ ਚਲ ਰਿਹਾ ਹੈ। ਸਟਾਰਚੁਕ ਨੇ ਕਲੋਵਰਡੇਲ ਪੱਤਰਕਾਰ ਨੂੰ ਦੱਸਿਆ ਕਿ ਉਹ ਬਹੁਤ ਖੁਸ਼ ਹੈ। ਮੇਰਾ ਉਤਸ਼ਾਹ ਦੱਸਣ ਤੋਂ ਬਾਹਰ ਹੈ। ਉਸ ਨੂੰ ਝੁਨਝੁਣੀ ਆ ਰਹੀ ਹੈ। ਇਹ ਹੁਣ ਤਕ ਦਾ ਸਭ ਤੋਂ ਬਿਹਤਰ ਐਲਾਨ ਹੈ। ਇਸ ਦਾ ਮਤਲਬ ਹੈ ਕਿ ਆਖਰਕਾਰ ਖੇਤਰ ਦੇ ਸਿਹਤ ਸੰਭਾਲ ਨੂੰ ਮਾਨਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਵਾਂ ਹਸਪਤਾਲ ਕਲੋਵਰਡੇਲ ਅਤੇ ਆਲੇ ਦੁਆਲੇ ਦੇ ਲੋਕਾਂ ਲਈ ਵਰਦਾਨ ਹੈ। ਉਨ੍ਹਾਂ ਕਿਹਾ ਕਿ ਨਵੇਂ ਹਸਪਤਾਲ ਨਾਲ ਜੁੜਿਆ ਕੈਂਸਰ ਕਲੀਨਿਕ ਵੀ ਬਹੁਤ ਮਹੱਤਵਪੂਰਣ ਹੈ। ਕਲੋਵਰਡੇਲ ਹਸਪਤਾਲ 68 ਹੋਰ ਬੈੱਡ ਜੋੜੇਗਾ। ਹਸਪਤਾਲ 'ਤੇ 1.66 ਅਰਬ ਡਾਲਰ ਲਾਗਤ ਆਉਣ ਦੀ ਆਸ ਸੀ ਪਰ ਹੁਣ ਇਹ ਲਾਗਤ ਵਧ ਕੇ 2.88 ਅਰਬ ਡਾਲਰ ਹੋ ਗਈ। ਪ੍ਰਾਜੈਕਟ ਦੇ ਮੁਕੰਮਲ ਹੋਣ ਦੀ ਤਾਰੀਕ ਵੀ 2027 ਤੋਂ 2029 ਕਰ ਦਿੱਤੀ ਗਈ। ਇਸ ਨੂੰ 2030 ਵਿਚ ਜਨਤਾ ਲਈ ਖੋਲ੍ਹੇ ਜਾਣ ਦੀ ਆਸ ਹੈ।

## ਸੜਕ ਦੁਰਘਟਨਾ ਵਿਚ ਹਾਕੀ ਪ੍ਰੇਮੀ ਰਾਜੀ ਕੈਲਾ ਦੀ ਮੌਤ

ਸਰੀ–ਰਿਚਮੰਡ ਵਿਚ ਇਕ ਮੋਟਰ ਗੱਡੀ ਹਾਦਸੇ ਵਿਚ ਨੌਰਥ ਡੈਲਟਾ ਵਾਸੀ ਦੀ ਮੌਤ ਹੋ ਗਈ ਜਿਸ ਦੀ ਪਛਾਣ ਹਾਕੀ ਪ੍ਰੇਮੀ 37 ਸਾਲਾ ਰਾਜੀ ਕੈਲਾ ਵਜੋਂ ਹੋਈ ਹੈ ਜਿਹੜਾ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਿਆ। 37 ਸਾਲਾ ਕੈਲਾ 2006 ਮਾਡਲ ਦੀ ਐਕੁਰਾ ਸੇਡਾਨ ਕਾਰ ਵਿਚ ਪੈਸੰਜਰ ਸੀ ਜਿਹੜੀ ਰਿਵਰ ਰੋਡ ਅਤੇ 8 ਨੰਵਬਰ ਰੋਡ ਨੇੜੇ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਜਦੋਂ ਆਰਸੀਐਮਪੀ ਮੌਕੇ 'ਤੇ ਪੁੱਜੀ ਤਾਂ ਕਾਰ ਅੰਸ਼ਕ ਰੂਪ ਵਿਚ ਇਕ ਟੋਏ ਵਿਚ ਖੜੇ ਪਾਣੀ ਵਿਚ ਡੁੱਬੀ ਹੋਈ ਸੀ। ਮੋਟਰ ਗੱਡੀ ਦਾ 45 ਸਾਲਾ ਡਰਾਈਵਰ ਜਿਹੜਾ ਨੌਰਥ ਡੈਲਟਾ ਵਾਸੀ ਸੀ ਕਾਰ ਵਿਚੋਂ ਨਿਕਲਣ ਵਿਚ ਸਫਲ ਰਿਹਾ ਅਤੇ ਉਸ ਨੇ ਕੁਝ ਲੋਕਾਂ ਦੀ ਮਦਦ ਨਾਲ ਯਾਤਰੀ ਨੂੰ ਕਾਰ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ।

## ਕਲੋਨਾ ਵਿਚ ਸਿੱਖ ਵਿਦਿਆਰਥੀ 'ਤੇ ਬੱਸ ਵਿਚ ਹਿੰਸਕ ਹਮਲਾ

### ਬੱਸ ਡਰਾਈਵਰ ਨੇ ਪੀੜਤ ਨੂੰ ਬੱਸ ਤੋਂ ਕੱਢ ਕੇ, ਹਮਲੇ ਨੂੰ ਜਾਰੀ ਰੱਖਣ ਦਿੱਤਾ

ਲੰਘੇ ਸੋਮਵਾਰ ਨੂੰ ਕਲੋਨਾ ਵਿੱਚ ਗਿਆਰ੍ਹਵੀਂ ਜਮਾਤ ਦੇ ਸਿੱਖ ਵਿਦਿਆਰਥੀ 'ਤੇ ਬੀਸੀ ਟਰਾਂਜ਼ਿਟ ਬੱਸ 'ਚ ਸਵਾਰ ਹੋ ਕੇ ਹਮਲਾ ਕੀਤਾ ਗਿਆ। ਇਸ ਸਾਲ ਕਲੋਨਾ ਵਿੱਚ ਕਿਸੇ ਸਿੱਖ ਵਿਦਿਆਰਥੀ ਉੱਤੇ ਇਹ ਦੂਜਾ ਹਮਲਾ ਹੈ। ਮਾਰਚ ਵਿਚ ਗਗਨਦੀਪ ਸਿੰਘ 'ਤੇ ਵੀ ਬੱਸ ਵਿਚ ਸਵਾਰ ਹੋ ਕੇ ਹਿੰਸਕ ਹਮਲਾ ਕੀਤਾ ਗਿਆ ਸੀ। ਸੋਮਵਾਰ ਦੀ ਘਟਨਾ ਵਿੱਚ, ਸਿੱਖ ਵਿਦਿਆਰਥੀ, ਜਿਸ ਨੇ ਆਪਣਾ ਨਾਮ ਗੁਪਤ ਰੱਖਣ ਲਈ ਕਿਹਾ ਹੈ, ਦੁਪਹਿਰ 3:45 ਵਜੇ ਦੇ ਕਰੀਬ ਰਟਲੈਂਡ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ ਬੀਸੀ ਟਰਾਂਜ਼ਿਟ ਬੱਸ ਦੀ ਉਡੀਕ ਕਰ ਰਿਹਾ ਸੀ। ਦੋ ਵਿਅਕਤੀਆਂ ਨੇ ਵਿਦਿਆਰਥੀ ਦੇ ਕੋਲ ਪਹੁੰਚ ਕੇ ਪਹਿਲਾਂ ਉਸ ਨੂੰ ਬੱਸ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਅਤੇ ਫਿਰ ਉਸ ਨੂੰ ਬੱਸ ਵਿਚ ਚੜ੍ਹਨ ਦੀ ਇਜਾਜ਼ਤ ਦੇ ਕੇ, ਉਸ ਨੂੰ ਲਾਈਟਰ ਨਾਲ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਫੋਨ ਨਾਲ ਨੇੜਿਓਂ ਹੀ ਉਸ ਦੀ ਫੋਟੋ ਰਿਕਾਰਡ ਕਰ ਲਈ। ਜਦੋਂ ਸਿੱਖ ਵਿਦਿਆਰਥੀ ਪਿੱਛੇ ਹਟਿਆ ਤਾਂ ਹਮਲਾਵਰਾਂ ਦੇ ਹੱਥਾਂ ਤੋਂ ਫ਼ੋਨ ਡਿੱਗ ਗਿਆ ਅਤੇ ਉਨ੍ਹਾਂ ਨੇ ਬੱਸ ਡਰਾਈਵਰ ਦੇ ਸਾਹਮਣੇ ਸਿੱਖ ਵਿਦਿਆਰਥੀ ਨੂੰ ਲੱਤਾਂ ਅਤੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਬੱਸ ਡਰਾਈਵਰ ਨੇ ਕੋਈ ਦਖਲ ਨਹੀਂ ਦਿੱਤਾ ਅਤੇ ਅਸਲ ਵਿੱਚ, ਸਿੱਖ ਵਿਦਿਆਰਥੀ ਅਤੇ ਉਸਦੇ ਹਮਲਾਵਰਾਂ ਨੂੰ ਰਟਲੈਂਡ ਅਤੇ ਰੌਬਸਨ ਸਟਾਪ 'ਤੇ ਬੱਸ ਤੋਂ ਉਤਰਨ ਦਾ ਆਦੇਸ਼ ਦਿੱਤਾ।ਬੱਸ 'ਚੋਂ ਉਤਰਨ ਤੋਂ ਬਾਅਦ, ਸਿੱਖ ਵਿਦਿਆਰਥੀ 'ਤੇ ਉਸ ਦੇ ਹਮਲਾਵਰਾਂ ਨੇ ਮਿਰਚ ਦਾ ਛਿੜਕਾਅ ਕੀਤਾ ਅਤੇ ਉਹ ਉਸ 'ਤੇ ਹਮਲਾ ਕਰਦੇ ਰਹੇ, ਜਦੋਂ ਤੱਕ ਰਾਹਗੀਰਾਂ ਨੇ ਦਖਲ ਨਹੀਂ ਦਿੱਤਾ। ਆਰਸੀਐਮਪੀ ਨੂੰ ਹਮਲੇ ਦੀ ਸੂਚਨਾ ਦੇ ਦਿੱਤੀ ਗਈ ਹੈ ਅਤੇ ਉਹ ਜਾਂਚ ਕਰ ਰਹੀ ਹੈ।ਸਿੱਖ ਵਿਦਿਆਰਥੀ ਕੈਨੇਡਾ ਵਿੱਚ ਹਾਲ ਹੀ ਵਿੱਚ ਨਵਾਂ ਆਇਆ ਸੀ ਅਤੇ ਉਸ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਉਸ ਉੱਤੇ ਹਮਲਾ ਕਿਉਂ ਕੀਤਾ ਗਿਆ ਜਾਂ ਘਟਨਾ ਦੌਰਾਨ ਉਸ ਨੂੰ ਗਾਲਾਂ ਕੱਢੀਆਂ ਗਈਆਂ। ਬ੍ਰਿਟਿਸ਼ ਕੋਲੰਬੀਆ ਤੋਂ ਡਬਲਯੂਐਸਓ (ਵਿਸ਼ਵ ਸਿੱਖ ਸੰਸਥਾ) ਦੀ ਉਪ ਪ੍ਰਧਾਨ ਗੁਣਤਾਸ ਕੌਰ ਨੇ ਕਿਹਾ,"ਕਲੋਨਾ ਵਿੱਚ ਇੱਕ ਸਿੱਖ ਹਾਈ ਸਕੂਲ ਦੇ ਵਿਦਿਆਰਥੀ ਉੱਤੇ ਸੋਮਵਾਰ ਦਾ ਹਮਲਾ ਹੈਰਾਨ ਕਰਨ ਵਾਲਾ ਅਤੇ ਅਸਵੀਕਾਰਨਯੋਗ ਹੈ। ਬਹੁਤ ਹੀ ਨਿਰਾਸ਼ਾਜਨਕ ਗੱਲ ਇਹ ਹੈ ਕਿ ਬੀਸੀ ਟਰਾਂਜ਼ਿਟ ਬੱਸ ਡਰਾਈਵਰ ਨੇ ਕੋਈ ਦਖਲ ਨਹੀਂ ਦਿੱਤਾ ਅਤੇ ਅਸਲ ਵਿੱਚ ਹਮਲਾਵਰਾਂ ਅਤੇ ਪੀੜਤ ਦੋਵਾਂ ਨੂੰ ਬੱਸ ਵਿੱਚੋਂ ਹਟਾ ਦਿੱਤਾ, ਜਿਸ ਨਾਲ ਸਿੱਖ ਵਿਦਿਆਰਥੀ ਨੂੰ ਆਪਣੇ ਆਪ ਨੂੰ ਬਚਾਉਣ ਲਈ ਛੱਡ ਦਿੱਤਾ ਗਿਆ। ਸਿੱਖ ਹਾਈ ਸਕੂਲ ਦਾ ਵਿਦਿਆਰਥੀ ਆਪਣੀਆਂ ਸੱਟਾਂ ਅਤੇ ਮਿਰਚਾਂ ਦੇ ਸਪਰੇਅ ਤੋਂ ਠੀਕ ਹੋ ਰਿਹਾ ਹੈ ਪਰ ਸਮਝ ਨਹੀਂ ਸਕਦਾ ਕਿ ਉਸ 'ਤੇ ਹਮਲਾ ਕਿਉਂ ਕੀਤਾ ਗਿਆ ਸੀ। ਦੁਬਾਰਾ ਹਮਲਾ ਹੋਣ ਦੇ ਡਰੋਂ ਉਹ ਸਕੂਲ ਪਰਤਣ ਤੋਂ ਡਰਦਾ ਹੈ। ਬਦਕਿਸਮਤੀ ਨਾਲ ਇਸ ਸਾਲ ਕੇਲੋਨਾ 'ਚ ਕਿਸੇ ਸਿੱਖ ਵਿਦਿਆਰਥੀ 'ਤੇ ਇਹ ਦੂਜਾ ਹਮਲਾ ਹੈ। ਅਸੀਂ ਆਰਸੀਐਮਪੀ ਨੂੰ ਇਸ ਘਟਨਾ ਦੀ ਪੂਰੀ ਜਾਂਚ ਕਰਨ ਅਤੇ ਹਮਲਾਵਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਮੰਗ ਕਰਦੇ ਹਾਂ। ਅਸੀਂ ਬੀਸੀ ਟਰਾਂਜ਼ਿਟ ਨੂੰ ਇਹ ਜਾਂਚ ਕਰਨ ਲਈ ਵੀ ਬੁਲਾਉਂਦੇ ਹਾਂ ਕਿ ਇਸ ਘਟਨਾ ਵਿੱਚ ਡਰਾਈਵਰ ਨੇ ਹਮਲੇ ਨੂੰ ਰੋਕਣ ਲਈ ਕੁਝ ਕਿਉਂ ਨਹੀਂ ਕੀਤਾ ਅਤੇ ਪੀੜਤ ਨੂੰ ਬੱਸ ਤੋਂ ਹਟਾ ਕੇ, ਹਮਲੇ ਨੂੰ ਜਾਰੀ ਰੱਖਣ ਦਿੱਤਾ।" ਘੱਟ ਗਿਣਤੀ ਸਿੱਖ ਭਾਈਚਾਰੇ 'ਤੇ ਅਜਿਹਾ ਹਮਲਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

## ਸਸਕੈਚਵਨ ਸੂਬੇ ਵਲੋਂ ਟਰੂਡੋ 'ਤੇ ਭਾਰਤ ਨਾਲ ਵਪਾਰ ਨੂੰ ਖ਼ਤਰੇ ਵਿਚ ਪਾਉਣ ਦਾ ਲਗਾਇਆ ਦੋਸ਼

ਸਸਕਾਟੂਨ–ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ ਦੀ ਸਰਕਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਭਾਰਤ ਨਾਲ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਵਪਾਰ ਗੱਲਬਾਤ ਬਾਰੇ ਸੂਬਿਆਂ ਨੂੰ ਹਨ੍ਹੇਰੇ ਵਿਚ ਰੱਖਣ ਦਾ ਦੋਸ਼ ਲਗਾ ਰਹੀ ਹੈ। ਇਕ ਜਾਰੀ ਪੱਤਰ ਵਿਚ ਸਸਕੈਚਵਨ ਦੇ ਵਪਾਰ ਮੰਤਰੀ ਜੇਰਮੀ ਹੈਰੀਸਨ ਨੇ ਦਲੀਲ ਦਿੰਦੇ ਹੋਏ ਕਿਹਾ ਕਿ ਘਰੇਲੂ ਰਾਜਨੀਤੀ ਲਈ ਟਰੂਡੋ ਭਾਰਤ ਨਾਲ ਲੜਾਈ ਦਾ ਰਾਹ ਚੁਣ ਰਹੇ ਹਨ ਅਤੇ ਉਨ੍ਹਾਂ ਦੇ ਸੂਬੇ ਦੇ ਬਹੁਤ ਹੀ ਮਹੱਤਵਪੂਰਣ ਬਾਜ਼ਾਰਾਂ ਵਿਚੋਂ ਇਕ ਤਕ ਪਹੁੰਚ ਨੂੰ ਖਤਰੇ ਵਿਚ ਪਾ ਰਹੇ ਹਨ। ਪਿਛਲੇ ਮਹੀਨੇ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕੈਨੇਡੀਅਨ ਪ੍ਰੈਸ ਨੂੰ ਇਕ ਮੁਲਾਕਾਤ ਵਿਚ ਦੱਸਿਆ ਕਿ ਕਿ ਅਰਲੀ ਪ੍ਰੋਗਰੈਸ ਟਰੇਡ ਐਗਰੀਮੈਂਟ ਬਾਰੇ ਚੱਲ ਰਹੀ ਗੱਲਬਾਤ ਨੂੰ ਓਟਵਾ ਨੇ ਪਿਛਲੇ ਮਹੀਨੇ ਰੋਕਣ ਦੀ ਮੰਗ ਕੀਤੀ ਸੀ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616










# ਟਰੂਡੋ ਸਰਕਾਰ ਹਰ ਫਰੰਟ 'ਤੇ ਨਾਕਾਮ-ਪੋਲੀਵਰ

## ਬੀ.ਸੀ. ਪੰਜਾਬੀ ਪ੍ਰੈੱਸ ਕਲੱਬ ਨਾਲ ਵਿਸ਼ੇਸ਼ ਮਿਲਣੀ

ਸਫ਼ਾ 1 ਦੀ ਬਾਕੀ

ਕਾਇਮੀ ਨੂੰ ਹੀ ਇਕੋ ਇਕ ਬਦਲ ਦੱਸਿਆ। ਉਹਨਾਂ ਇਮੀਗ੍ਰੇਸ਼ਨ ਨੀਤੀ ਨੂੰ ਦੋਸ਼ਪੂਰਣ ਕਰਾਰ ਦਿੰਦਿਆਂ ਕਿਹਾ ਕਿ ਅੱਜ ਲੱਖਾਂ ਦੀ ਗਿਣਤੀ ਵਿਚ ਪੁੱਜ ਰਹੇ ਕੌਮਾਂਤਰੀ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਰਹੇ ਹਨ। ਇਥੇ ਕਾਲਜ, ਯੂਨੀਵਰਸਿਟੀਆਂ ਵਲੋਂ ਉਹਨਾਂ ਲਈ ਸਹੀ ਪ੍ਰਬੰਧ ਨਾ ਹੋਣ ਕਾਰਣ ਉਹਨਾਂ ਨੂੰ ਉਹਨਾਂ ਲਈ ਕਿਰਾਏ ਦੇ ਮਕਾਨ ਨਹੀ ਮਿਲ ਰਹੇ ਤੇ ਉਹ ਸੜਕਾਂ ਤੇ ਪੁਲਾਂ ਹੇਠ ਰਹਿਣ ਲਈ ਮਜ਼ਬੂਰ ਹਨ। ਉਹਨਾਂ ਪੰਜਾਬ ਤੋਂ ਪੁੱਜਣ ਵਾਲੇ ਵਿਦਿਆਰਥੀਆਂ ਦੇ ਪਿਛਲੇ ਸਮੇਂ ਵਿਚ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋਣ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਮੌਕੇ ਉਹਨਾਂ ਪੱਤਰਕਾਰਾਂ ਵਲੋਂ ਵੱਖ ਵੱਖ ਮੁਦਿਆਂ ਉਪਰ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਇਹਨਾਂ ਜਵਾਬਾਂ ਤਹਿਤ ਹੀ ਉਹਨਾਂ ਕੈਨੇਡਾ ਵਿਚ ਖਾਲਿਸਤਾਨੀ ਮੁਹਿੰਮ, ਵਿਦੇਸ਼ੀ ਦਖਲਅੰਦਾਜ਼ੀ ਅਤੇ ਕਤਲ ਹਿੰਸਾ ਬਾਰੇ ਵੀ ਜਵਾਬ ਦਿੰਦਿਆਂ ਕਿਹਾ ਕਿ ਉਹ ਕੈਨੇਡਾ ਵਾਂਗ ਹੀ ਇਕ ਯੁਨਾਈਡਟ ਇੰਡੀਆਂ ਦਾ ਸਮਰਥਨ ਕਰਦੇ ਹਨ। ਜਿਥੋਂ ਤੱਕ ਖਾਲਿਸਤਾਨੀ ਮੁਹਿੰਮ ਦਾ ਸਵਾਲ ਹੈ, ਉਹ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਦਾ ਵੀ ਸਮਰਥਨ ਕਰਦੇ ਹਨ। ਸ਼ਾਂਤੀਪੂਰਨ ਢੰਗ ਨਾਲ ਕਿਸੇ ਨੂੰ ਵੀ ਆਪਣੀ ਗੱਲ ਕਹਿਣ ਦਾ ਅਧਿਕਾਰ ਹੈ। ਉਹਨਾਂ ਸਰੀ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪ੍ਰਧਾਨ ਦੀ ਹੱਤਿਆ ਵਿਚ ਬਾਹਰੀ ਤਾਕਤਾਂ ਦੀ ਭੂਮਿਕਾ ਬਾਰੇ ਸਵਾਲ ਪੁੱਛੇ ਜਾਣ ਤੇ ਕਿਹਾ ਕਿ ਇਹ ਵੇਖਣਾ ਸਰਕਾਰ ਦਾ ਕੰਮ ਹੈ। ਅਗਰ ਅਜਿਹੇ ਕੋਈ ਸਬੂਤ ਹਨ ਤਾਂ ਟਰੂਡੋ ਸਰਕਾਰ ਕਾਰਵਾਈ ਕਰੇ। ਉਹਨਾਂ ਸਿੱਖ ਨਸ਼ਲਕੁਸ਼ੀ ਬਾਰੇ ਕੰਸਰਵੇਟਿਵ ਦੀ ਪਹੁੰਚ ਬਾਰੇ ਪੁੱਛੇ ਜਾਣ ਤੇ ਕਿਹਾ ਕਿ ਉਹਨਾਂ ਦਾ ਸਰਕਾਰ ਬਣਨ ਤੇ ਇਸ ਸਬੰਧੀ ਕੋਈ ਵੀ ਮਤਾ ਲਿਆਉਣ ਦਾ ਕੋਈ ਵਿਚਾਰ ਨਹੀ ਪਰ ਉਹ ਵਿਸ਼ਵ ਭਰ ਵਿਚ ਮਾਨਵੀ ਹੱਕਾਂ ਦੀ ਉਲੰਘਣਾ ਦਾ ਹਰ ਸਮੇਂ ਵਿਰੋਧ ਕਰਦੇ ਹਨ। ਵਿਦੇਸ਼ੀ ਦਖਲ ਅੰਦਾਜੀ ਵਿਸ਼ੇਸ਼ ਕਰਕੇ ਭਾਰਤੀ ਦਖਲਅੰਦਾਜ਼ੀ ਬਾਰੇ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਉਹ ਕਿਸੇ ਇਕ ਵਿਸ਼ੇਸ਼ ਮੁਲਕ ਨਹੀ ਬਲਕਿ ਕਿਸੇ ਵੀ ਬਾਹਰੀ ਮੁਲਕ ਦੀ ਦਖਲਅੰਦਾਜ਼ੀ ਦਾ ਵਿਰੋਧ ਕਰਦੇ ਹਨ। ਉਹਨਾਂ ਅੰਤਰਰਾਸ਼ਟਰੀ ਵਪਾਰ ਵਿਚ ਵੀ ਟਰੂਡੋ ਸਰਕਾਰ ਦੀ ਟੈਕਸ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ ਜੋ ਪਿਛਲੇ ਅੱਠ ਸਾਲ ਤੋਂ ਸੌਫਟ ਲੰਬਰ ਦੇ ਮਾਮਲੇ ਤੇ ਕੋਈ ਨਿਰਣਾ ਨਹੀ ਲੈ ਸਕੀ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਟਰੂਡੋ ਦੀ ਗੈਰਜਿੰਮੇਵਾਰਾਨਾ ਪਹੁੰਚ ਕਾਰਣ ਕੈਨੇਡਾ ਦੇ ਕੌਮਾਂਤਰੀ ਅਕਸ ਨੂੰ ਢਾਹ ਲੱਗੀ ਹੈ। ਇਸ ਮੌਕੇ ਉਹਨਾਂ ਦੇ ਨਾਲ ਵਾਈਟ ਰੌਕ ਤੋਂ ਕੰਸਰਵੇਟਿਵ ਐਮ ਪੀ ਕੈਰੀ ਲਿਨ, ਮਿਸ਼ਨ ਤੋਂ ਐਮ ਪੀ ਬਰੈਡ ਵਿਸ ਤੇ ਕੈਪਲੂਪਸ ਤੋ ਐਮ ਪੀ ਫਰੈਂਕ ਵੀ ਹਾਜ਼ਰ ਸਨ। ਪੰਜਾਬੀ ਪ੍ਰੈਸ ਕਲੱਬ ਵਲੋਂ ਕੰਸਰਵੇਟਿਵ ਲੀਡਰ ਪੋਲੀਵਰ ਤੇ ਐਮ ਪੀਜ਼ ਦਾ ਭਰਵਾਂ ਸਵਾਗਤ ਕੀਤਾ ਗਿਆ।

# ਸਰੀ ਵਾਸੀਆਂ ਨੇ ਸਿਹਤ ਸੰਭਾਲ ਨੂੰ ਲੈ ਕੇ ਉਠਾਈ ਆਵਾਜ਼

ਸਰੀ-ਸੈਂਕੜੇ ਲੋਕਾਂ ਜਿਨ੍ਹਾਂ ਵਿਚ ਸਿਹਤ ਸੰਭਾਲ ਵਰਕਰਜ਼, ਸਿਆਸਤਦਾਨ, ਕਾਰੋਬਾਰੀ ਨੇਤਾ ਅਤੇ ਸਰੀ ਵਾਸੀ ਸ਼ਾਮਿਲ ਸਨ ਨੇ ਸਰੀ ਵਿਚ ਸਿਹਤ ਸੰਭਾਲ ਬਾਰੇ ਆਪਣੀ ਚਿੰਤਾਵਾਂ ਨੂੰ ਲੈ ਕੇ ਆਵਾਜ਼ ਉਠਾਈ ਹੈ। ਸਿਵਿਕ ਪਲਾਜ਼ ਵਿਖੇ ਇਕੱਤਰ ਹੋਏ ਸੈਂਕੜੇ ਲੋਕਾਂ ਦਰਮਿਆਨ ਐਮਰਜੈਂਸੀ ਰੂਮ ਦੇ ਡਾਕਟਰ ਤੇ ਸਰੀ ਹਸਪਤਾਲ ਫਾਉਂਡੇਸ਼ਨ ਦੇ ਡਾਇਰੈਕਟਰ ਡਾ. ਰਣਦੀਪ ਗਿੱਲ ਨੇ ਕਿਹਾ ਕਿ ਅਸੀਂ ਸਮੂਹਿਕ ਤੌਰ 'ਤੇ ਦਹਾਕਿਆਂ ਤੋਂ ਇਸ ਖੇਤਰ ਦੀ ਅਣਦੇਖੀ ਤੋਂ ਤੰਗ ਆ ਚੁੱਕੇ ਹਾਂ। ਘੱਟ ਫੰਡ ਅਤੇ ਘੱਟ ਨਿਵੇਸ਼ ਦੀ ਪੁਰਾਣੀ ਪ੍ਰਣਾਲੀ ਨੇ ਹੁਣ ਤਕ ਸਾਨੂੰ ਪਿੱਛੇ ਰੱਖਿਆ ਹੈ ਅਤੇ ਅਣਗਹਿਲੀ ਅਸਲ ਜੀਵਨ ਦੇ ਨਤੀਜੇ ਹਨ। ਦਹਾਕਿਆਂ ਤੋਂ ਸਾਨੂੰ ਸਾਲਾਨਾ ਵੈਨਕੂਵਰ ਨਾਲੋਂ ਲੱਖਾਂ ਡਾਲਰ ਘੱਟ ਮਿਲਦੇ ਹਨ ਫਿਰ ਵੀ ਸਾਡੀ ਆਬਾਦੀ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਸਾਡੇ ਲੋਕ ਬਿਮਾਰ ਹਨ। ਡਾ. ਗਿੱਲ ਨੇ ਦੱਸਿਆ ਕਿ ਬਲੱਡ ਪ੍ਰੈਸ਼ਰ , ਸ਼ੂਗਰ ਅਤੇ ਜੈਨੇਟਿਕ ਕਾਰਨਾਂ ਕਰਕੇ ਇਸ ਖੇਤਰ ਵਿਚ ਦਿਲ ਦੇ ਦੌਰਿਆਂ, ਸਟਰੋਕ ਤੇ ਗੁਰਦੇ ਫੇਲ੍ਹ ਹੋਣ ਦੀਆਂ ਸਭ ਤੋਂ ਜ਼ਿਆਦਾ ਘਟਨਾਵਾਂ ਵਾਪਰਦੀਆਂ ਹਨ। ਸਾਡੇ ਕੋਲ ਅੱਜ ਤਕ ਜੀਵਨ ਰੱਖਿਆ ਇਲਾਜ ਦਾ ਪ੍ਰਬੰਧ ਨਹੀਂ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

Your Lawyers, Because We Care

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਪੀਏਯੂ ਫੈਮਿਲੀ ਐਸੋਸੀਏਸ਼ਨ ਵੱਲੋਂ ਸਲਾਨਾ ਜਨਰੇਸ਼ਨ ਵਾਕ 17 ਸਤੰਬਰ ਨੂੰ

ਸਰੀ (ਹਰਦਮ ਮਾਨ)-ਪੀਏਯੂ ਫੈਮਿਲੀ ਐਸੋਸੀਏਸ਼ਨ ਵੱਲੋਂ 17 ਸਤੰਬਰ ਐਤਵਾਰ ਨੂੰ ਸਵੇਰੇ 9.30 ਵਜੇ ਬੀਅਰ ਕ੍ਰੀਕ ਪਾਰਕ ਸਰੀ ਵਿਖੇ 8ਵੀਂ ਸਲਾਨਾ ਜਨਰੇਸ਼ਨ ਵਾਕ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਡਾ. ਗੁਲਜ਼ਾਰ ਸਿੰਘ ਵਿਲਿੰਗ ਨੇ ਦੱਸਿਆ ਹੈ ਕਿ ਇਸ ਵਾਕ ਦਾ ਉਦੇਸ਼ ਆਪਣੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨੂੰ ਯਾਦ ਕਰਨਾ ਅਤੇ ਸਾਡੇ ਜੀਵਨ ਵਿੱਚ ਉਨ੍ਹਾਂ ਦੇ ਯੋਗਦਾਨ ਪ੍ਰਤੀ ਨਤਮਸਤਕ ਹੋਣਾ ਹੈ। ਅਸੀਂ ਹਮੇਸ਼ਾਂ ਆਪਣੇ ਵੱਡ-ਵਡੇਰਿਆਂ ਨੂੰ ਸਲਾਮ ਕਰਦੇ ਹਾਂ। ਉਨ੍ਹਾਂ ਇਸ ਵਾਕ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਡਾ: ਗੁਲਜ਼ਾਰ ਐਸ ਵਿਲਿੰਗ ਨਾਲ ਫੋਨ ਨੰਬਰ 604-897-1130 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਤਵਾਦੀਆਂ ਨਾਲ ਮੁਕਾਬਲੇ 'ਚ ਕਰਨਲ, ਮੇਜਰ ਤੇ ਡੀਐੱਸਪੀ ਸ਼ਹੀਦ

ਸ੍ਰੀਨਗਰ-ਜੰਮੂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਕੋਕਰਨਾਗ ਇਲਾਕੇ ਵਿੱਚ ਅਤਿਵਾਦੀਆਂ ਨਾਲ ਮੁਕਾਬਲੇ ਵਿੱਚ ਇਕ ਕਰਨਲ, ਮੇਜਰ ਅਤੇ ਪੁਲੀਸ ਦਾ ਡੀਐੱਸਪੀ ਸ਼ਹੀਦ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਗੜ੍ਹੋਲ ਇਲਾਕੇ ਵਿੱਚ ਅਤਿਵਾਦੀਆਂ ਖ਼ਿਲਾਫ਼ ਵਿੱਢੀ ਮੁਹਿਮ ਦੌਰਾਨ 19 ਰਾਸ਼ਟਰੀ ਰਾਈਫਲਜ਼ ਦੇ ਕਮਾਂਡਿੰਗ ਅਫਸਰ ਕਰਨਲ ਮਨਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਮੇਜਰ ਆਸ਼ੀਸ਼ ਧੌਨੈਕ ਅਤੇ ਜੰਮੂ ਕਸ਼ਮੀਰ ਪੁਲੀਸ ਦੇ ਡਿਪਟੀ ਸੁਪਰਡੈਂਟ ਹਮਾਯੂੰ ਭੱਟ ਗੋਲੀਬਾਰੀ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ। ਦੋਵੇਂ ਅਧਿਕਾਰੀਆਂ ਨੇ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਦਿੱਤਾ। ਕਰਨਲ ਮਨਪ੍ਰੀਤ ਸਿੰਘ ਪੰਜਾਬ ਦੇ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਹਨ ਜਦਕਿ ਹਮਾਯੂੰ ਭੱਟ ਦੱਖਣੀ ਕਸ਼ਮੀਰ ਦੇ ਤਰਾਲ ਦਾ ਵਸਨੀਕ ਹੈ। ਹਮਾਯੂੰ ਭੱਟ ਦੇ ਪਿਤਾ ਗੁਲਾਮ ਹਸਨ ਭੱਟ ਜੰਮੂ ਕਸ਼ਮੀਰ ਪੁਲੀਸ ਦੇ ਇੰਸਪੈਕਟਰ ਜਨਰਲ ਵਜੋਂ 2018 ਵਿੱਚ ਸੇਵਾਮੁਕਤ ਹੋਏ ਸਨ। ਉਧਰ ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਸੋਮਵਾਰ ਤੋਂ ਚੱਲ ਰਹੇ ਮੁਕਾਬਲੇ ਵਿੱਚ ਇੱਕ ਹੋਰ ਦਹਿਸ਼ਤਗਰਦ ਮਾਰਿਆ ਗਿਆ। ਜ਼ਿਲ੍ਹੇ ਦੇ ਦੂਰ-ਦੁਰਾਡੇ ਪਿੰਡ ਵਿੱਚ ਤਿੰਨ ਦਿਨਾਂ ਤੋਂ ਚੱਲ ਰਹੀ ਕਾਰਵਾਈ ਦੌਰਾਨ ਰਾਈਫਲਮੈਨ ਰਵੀ ਕੁਮਾਰ ਅਤੇ ਫ਼ੌਜ ਦਾ ਲੈਬਰਾਡੋਰ ਨਸਲ ਦਾ ਕੁੱਤਾ ਸ਼ਹੀਦ ਹੋ ਗਿਆ ਜਦਕਿ ਤਿੰਨ ਸੁਰੱਖਿਆ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ।


# ਗੁਜਰਾਤ ਦੀ ਅਦਾਲਤ ਵੱਲੋਂ ਕੇਜਰੀਵਾਲ ਤੇ ਸੰਜੈ ਸਿੰਘ ਦੀਆਂ ਅਪੀਲਾਂ ਖਾਰਜ

ਅਹਿਮਦਾਬਾਦ-ਇੱਥੋਂ ਦੀ ਸੈਸ਼ਨ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਅਰਵਿੰਦ ਕੇਜਰੀਵਾਲ ਤੇ ਸੰਜੈ ਸਿੰਘ ਦੀਆਂ ਉਹ ਅਪੀਲਾਂ ਖਾਰਜ ਕਰ ਦਿੱਤੀਆਂ ਹਨ ਜਿਨ੍ਹਾਂ ਵਿੱਚ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿੱਦਿਅਕ ਯੋਗਤਾ 'ਤੇ ਟਿੱਪਣੀ ਕਰਨ ਨਾਲ ਸਬੰਧਤ ਅਪਰਾਧਿਕ ਮਾਣਹਾਨੀ ਕੇਸ ਵਿੱਚ ਹੇਠਲੀ ਅਦਾਲਤ ਵੱਲੋਂ ਜਾਰੀ ਸੰਮਨ ਰੱਦ ਕਰਨ ਦੀ ਮੰਗ ਕੀਤੀ ਸੀ। ਇਸ ਕਾਰਨ 'ਆਪ' ਆਗੂਆਂ ਨੂੰ ਹੁਣ ਇਸ ਮਾਮਲੇ 'ਚ ਪੇਸ਼ੀ ਲਈ ਨਿਰਧਾਰਤ ਤਾਰੀਕ 'ਤੇ ਅਦਾਲਤ 'ਚ ਹਾਜ਼ਰ ਹੋਣਾ ਹੀ ਪਵੇਗਾ।

# ਬੈਂਕ ਘਪਲਾ ਕੇਸ ਵਿਚ ਜੈੱਟ ਏਅਰਵੇਜ਼ ਦੇ ਸੰਸਥਾਪਕ ਨਰੇਸ਼ ਗੋਇਲ ਨੂੰ ਜੇਲ ਭੇਜਿਆ

ਮੁੰਬਈ-ਇਥੋਂ ਦੀ ਅਦਾਲਤ ਨੇ ਜੈੱਟ ਏਅਰਵੇਜ਼ ਦੇ ਸੰਸਥਾਪਕ ਨਰੇਸ਼ ਗੋਇਲ (74) ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਕੇਨਰਾ ਬੈਂਕ ਨਾਲ 538 ਕਰੋੜ ਦੀ ਕਥਿਤ ਧੋਖਾਧੜੀ ਦੇ ਮਾਮਲੇ ਵਿੱਚ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਕਾਬਿਲੇਗੌਰ ਹੈ ਕਿ ਈਡੀ ਨੇ ਮਨੀ ਲਾਂਡਰਿੰਗ ਰੋਕੂ ਐਕਟ ਤਹਿਤ ਪਹਿਲੀ ਸਤੰਬਰ ਨੂੰ ਲੰਬੀ ਪੁੱਛ-ਪੜਤਾਲ ਮਗਰੋਂ ਨਰੇਸ਼ ਗੋਇਲ ਨੂੰ ਗ੍ਰਿਫ਼ਤਾਰ ਕੀਤਾ ਸੀ। ਅੱਜ ਈਡੀ ਦੀ ਰਿਮਾਂਡ ਖਤਮ ਹੋਣ ਮਗਰੋਂ ਉਸ ਨੂੰ ਸਥਾਨਕ ਅਦਾਲਤ 'ਚ ਪੇਸ਼ ਕੀਤਾ ਗਿਆ ਸੀ।

# ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਜੱਸੀ ਸਿੱਧੂ ਕਤਲ ਕਾਂਡ 'ਤੇ ਆਧਾਰਿਤ ਫਿਲਮ ਦਾ ਪ੍ਰੀਮੀਅਰ



ਟੋਰਾਂਟੋ (ਸੇਖਾ)-ਕੈਨੇਡਾ ਦੇ ਟੋਰਾਂਟੋ ਵਿੱਚ ਚੱਲ ਰਹੇ ਅੰਤਰਰਾਸ਼ਟਰੀ ਫਿਲਮ ਮੇਲੇ ਦੌਰਾਨ ਤਰਸੇਮ ਸਿੰਘ ਦੀ ਪੰਜਾਬੀ ਫਿਲਮ 'ਡੀਅਰ ਜੱਸੀ' ਦਿਖਾਈ ਗਈ ਜੋ ਦੋ ਦਹਾਕੇ ਪਹਿਲਾਂ ਇਸ ਖੇਤਰ ਵਿੱਚ ਅਣਖ ਖ਼ਾਤਰ ਕਤਲ ਕੀਤੀ ਗਈ ਜੱਸੀ ਸਿੱਧੂ ਦੀ ਦਾਸਤਾਨ ਬਿਆਨ ਕਰਦੀ ਹੈ। ਇਹ ਫਿਲਮ ਜੱਸੀ ਸਿੱਧੂ ਤੇ ਸੁਖਵਿੰਦਰ ਮਿੱਠੂ ਦੇ ਪਿਆਰ ਦੀ ਕਹਾਣੀ 'ਤੇ ਆਧਾਰਿਤ ਹੈ ਜਿਸ ਵਿਚ ਮਿੱਠੂ ਦਾ ਰੋਲ ਅਹਿਮਦਗੜ੍ਹ ਦੇ ਯੁਗਮ ਸੂਦ ਨੇ ਨਿਭਾਇਆ ਹੈ। ਕੈਨੇਡਾ ਰਹਿੰਦੀ ਜੱਸੀ ਨੇ ਆਪਣੇ ਮਾਪਿਆਂ ਦੀ ਮਰਜ਼ੀ ਖਿਲਾਫ਼ ਪਿੰਡ ਦੇ ਮਿੱਠੂ ਨਾਲ ਪ੍ਰੇਮ ਵਿਆਹ ਕਰ ਲਿਆ ਸੀ। ਇਹ ਫਿਲਮ ਵੈਨਕੂਵਰ ਤੋਂ ਸਾਲ 2000 ਵਿੱਚ ਭਾਰਤ ਆਈ ਜੱਸੀ ਦੀ ਕਹਾਣੀ ਬਿਆਨ ਕਰਦੀ ਹੈ ਜੋ ਆਪਣੀ ਮਾਂ ਨਾਲ ਪੰਜਾਬ ਆਈ ਸੀ, ਜਿਸ ਦਾ ਆਪਣੇ ਨਾਨਕੇ ਪਿੰਡ ਰਹਿੰਦੇ ਮਿੱਠੂ ਨਾਂ ਦੇ ਲੜਕੇ ਨਾਲ ਪਿਆਰ ਹੋ ਗਿਆ ਸੀ ਜੋ ਕਬੱਡੀ ਖਿਡਾਰੀ ਸੀ ਪਰ ਜੱਸੀ ਦੇ ਪਰਿਵਾਰ ਵਾਲੇ ਇੱਕੋ ਸਿੱਧੂ ਗੋਤ ਵਿੱਚ ਪ੍ਰੇਮ ਵਿਆਹ ਕਰਵਾਉਣ ਤੋਂ ਖ਼ਫ਼ਾ ਸਨ ਜਿਸ ਕਾਰਨ ਜੱਸੀ ਦੀ ਮਾਂ ਅਤੇ ਉਸ ਦੇ ਮਾਮੇ ਨੇ ਭਾੜੇ ਦੇ ਕਾਤਲਾਂ ਰਾਹੀਂ ਜੱਸੀ ਸਿੱਧੂ ਅਤੇ ਸੁਖਵਿੰਦਰ ਸਿੰਘ ਮਿੱਠੂ 'ਤੇ ਹਮਲਾ ਕਰਵਾ ਦਿੱਤਾ। ਇਸ ਦੌਰਾਨ ਜੱਸੀ ਦੀ ਮੌਤ ਹੋ ਗਈ ਜਦਕਿ ਹਮਲਾਵਾਰ ਮਿੱਠੂ ਨੂੰ ਮਰਿਆ ਸਮਝ ਕੇ ਛੱਡ ਗਏ। ਇਸ ਕਤਲ ਤੋਂ 23 ਸਾਲ ਬਾਅਦ ਅੰਤਰਰਾਸ਼ਟਰੀ ਫਿਲਮ ਮੇਲੇ ਦੌਰਾਨ ਦਿਖਾਈ ਗਈ ਫਿਲਮ ਨਾਲ ਇੱਕ ਵਾਰ ਫੇਰ ਜੱਸੀ ਅਤੇ ਮਿੱਠੂ ਦੇ ਪਿਆਰ ਦੀ ਕਹਾਣੀ ਸੁਰਜੀਤ ਹੋ ਗਈ ਹੈ। ਇੱਥੋਂ ਦੇ ਮੱਧਵਰਗੀ ਸੂਦ ਪਰਿਵਾਰ ਦਾ ਨੌਜਵਾਨ ਯੁਗਮ ਸੂਦ ਇਸ ਫਿਲਮ ਨਾਲ ਕਾਫੀ ਮਕਬੂਲ ਹੋ ਗਿਆ ਹੈ।

# ਹਰਿਆਣਾ ਤੇ ਰਾਜਸਥਾਨ ਦੇ ਨੌਜਵਾਨਾਂ ਨੂੰ ਪੰਜਾਬ ਵਿਚ ਨੌਕਰੀਆਂ ਦੇਣ ਲੱਗੀ ਆਪ ਸਰਕਾਰ-ਸੁਖਬੀਰ

ਮਾਨਸਾ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੰਜਾਬ ਦੀਆਂ ਨੌਕਰੀਆਂ ਹਰਿਆਣਾ ਤੇ ਰਾਜਸਥਾਨ ਦੇ ਬਾਹਰਲੇ ਲੋਕਾਂ ਲਈ ਖੋਲ੍ਹਣ ਦਾ ਮਕਸਦ ਦੋਵਾਂ ਰਾਜਾਂ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਲਾਹਾ ਲੈਣਾ ਹੈ। ਉਨ੍ਹਾਂ ਅੱਜ ਬੁਢਲਾਡਾ ਵਿਚ ਯੂਥ ਮਿਲਣੀ ਦੌਰਾਨ ਕਿਹਾ ਕਿ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਨੂੰ ਖੋਰਾ ਲਾ ਕੇ ਪੰਜਾਬ ਦੇ ਨੌਜਵਾਨਾਂ ਦੀ ਕੀਮਤ 'ਤੇ ਬਾਹਰਲਿਆਂ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਮਾਨਸਾ ਵਿਚ ਭਰਤੀ ਕੀਤੇ ਗਏ 7 ਸਬ-ਇੰਸਪੈਕਟਰਾਂ ਵਿਚੋਂ 6 ਹਰਿਆਣਾ ਤੋਂ ਹਨ। ਇਥੇ ਹੀ ਬੱਸ ਨਹੀਂ ਹੈ, ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਵੱਲੋਂ ਭਰਤੀ ਕੀਤੇ ਗਏ 1370 ਲਾਈਨਮੈਨਾਂ ਵਿਚੋਂ 534 ਹਰਿਆਣਾ ਅਤੇ 94 ਰਾਜਸਥਾਨ ਤੋਂ ਹਨ। ਇਸੇ ਤਰੀਕੇ ਪਸ਼ੂ ਪਾਲਣ ਵਿਭਾਗ ਵਿਚ 2022 ਵਿਚ ਭਰਤੀ ਕੀਤੇ ਗਏ 68 ਵੈਟਰਨਰੀ ਇੰਸਪੈਕਟਰਾਂ ਵਿਚੋਂ 24 ਹਰਿਆਣਾ ਤੇ 12 ਰਾਜਸਥਾਨ ਤੋਂ ਸਨ। ਇਸੇ ਵਿਭਾਗ ਵਿਚ 2023 ਵਿਚ 310 ਵੈਟਰਨਰੀ ਇੰਸਪੈਕਟਰ ਭਰਤੀ ਕੀਤੇ ਗਏ ਜਿਨ੍ਹਾਂ ਵਿਚੋਂ 134 ਹਰਿਆਣਾ ਤੇ ਰਾਜਸਥਾਨ ਤੋਂ ਸਨ।



# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵਿਚ ਦਰਸ਼ਨ ਬੁੱਟਰ ਨਿਰਵਿਰੋਧ ਪ੍ਰਧਾਨ ਬਣੇ

## ਸੁਸ਼ੀਲ ਦੁਸਾਂਝ ਜਨਰਲ ਸਕੱਤਰ ਤੇ ਹਰਜਿੰਦਰ ਅਟਵਾਲ ਸੀਨੀਅਰ ਮੀਤ ਪ੍ਰਧਾਨ ਬਣੇ



ਲੁਧਿਆਣਾ-ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ 17 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਇੱਕ ਗਰੁੱਪ ਵੱਲੋਂ ਆਪਣੀਆਂ ਨਾਮਜ਼ਦਗੀਆਂ ਵਾਪਸ ਲਏ ਜਾਣ ਤੋਂ ਬਾਅਦ ਦਰਸ਼ਨ ਬੁੱਟਰ ਨਿਰਵਿਰੋਧ ਪ੍ਰਧਾਨ ਚੁਣ ਲਏ ਗਏ ਜਦਕਿ ਸੁਸ਼ੀਲ ਦੁਸਾਂਝ ਜਨਰਲ ਸਕੱਤਰ ਅਤੇ ਹਰਜਿੰਦਰ ਸਿੰਘ ਅਟਵਾਲ ਸੀਨੀਅਰ ਮੀਤ ਪ੍ਰਧਾਨ ਬਣੇ। ਚੋਣ ਅਧਿਕਾਰੀ ਮਨਜੀਤ ਸਿੰਘ ਛਾਬੜਾ ਨੇ ਦੱਸਿਆ ਕਿ ਚੋਣ ਲੜ ਰਹੇ ਇੱਕ ਗਰੁੱਪ ਵੱਲੋਂ ਨਾਮਜ਼ਦਗੀਆਂ ਵਾਪਸ ਲਏ ਜਾਣ ਤੋਂ ਬਾਅਦ ਉਕਤ ਉਮੀਦਵਾਰਾਂ ਨੂੰ ਨਿਰਵਿਰੋਧ ਜੇਤੂ ਐਲਾਨਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਅੱਜ ਆਖਰੀ ਤਰੀਕ ਸੀ। ਇਨ੍ਹਾਂ ਚੋਣਾਂ ਵਿੱਚ ਡਾ. ਸੁਖਦੇਵ ਸਿੰਘ ਸਿਰਸਾ, ਕੇਵਲ ਧਾਲੀਵਾਲ, ਡਾ. ਸਰਬਜੀਤ ਅਤੇ ਡਾ. ਕਾਕੜਾ ਦੀ ਅਗਵਾਈ ਵਾਲੇ ਗਰੁੱਪ ਵੱਲੋਂ ਆਪਣੇ ਸਾਰੇ ਅਹੁਦਿਆਂ ਤੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਚੋਣ ਅਧਿਕਾਰੀ ਨੇ ਦਰਸ਼ਨ ਬੁੱਟਰ ਗਰੁੱਪ ਨੂੰ ਜੇਤੂ ਐਲਾਨ ਦਿੱਤਾ। ਉਕਤ ਤੋਂ ਇਲਾਵਾ ਸ਼ੈਲਿੰਦਰਜੀਤ ਸਿੰਘ ਰਾਜਨ, ਦਲਜੀਤ ਸਿੰਘ ਸ਼ਾਹੀ, ਬਲਵਿੰਦਰ ਸੰਧੂ, ਮਨਜੀਤ ਇੰਦਰਾ ਅਤੇ ਮੂਲਚੰਦ ਸ਼ਰਮਾ ਨੂੰ ਮੀਤ ਪ੍ਰਧਾਨ, ਸੁਰਿੰਦਰ ਪ੍ਰੀਤ ਘਣੀਆ, ਦੀਪ ਦੇਵਿੰਦਰ ਸਿੰਘ, ਭੁਪਿੰਦਰ ਕੌਰ ਪ੍ਰੀਤ ਅਤੇ ਰਾਜਿੰਦਰ ਸਿੰਘ ਰਾਜਨ ਨੂੰ ਨਿਰਵਿਰੋਧ ਸਕੱਤਰ ਚੁਣਿਆ ਗਿਆ। ਇਸ ਤੋਂ ਪਹਿਲਾਂ ਕੇਵਲ ਧਾਲੀਵਾਲ, ਡਾ. ਸਰਬਜੀਤ, ਡਾ. ਅਰਵਿੰਦਰ ਕਾਕੜ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਗੁਲਜ਼ਾਰ ਪੰਧੇਰ, ਹਰਮੀਤ ਵਿਦਿਆਰਥੀ, ਸੁਰਜੀਤ ਜੱਜ, ਸਤਪਾਲ ਭੀਖੀ, ਡਾ. ਹਰਜਿੰਦਰ ਸਿੰਘ ਸੂਰੇਵਾਲੀਆ, ਡਾ. ਹਰਵਿੰਦਰ ਸਿੰਘ ਸਿਰਸਾ, ਕਰਮ ਸਿੰਘ ਵਕੀਲ, ਜਸਪਾਲ ਮਾਨਖੇੜਾ, ਜਸਵੀਰ ਝੱਜ, ਧਰਵਿੰਦਰ ਸਿੰਘ ਔਲਖ, ਬਲਕਾਰ ਸਿੱਧੂ, ਬਲਵਿੰਦਰ ਸਿੰਘ ਭੁੱਲਰ, ਮਨਦੀਪ ਕੌਰ ਭੰਵਰਾ, ਵਰਗਿਸ ਸਲਾਮਤ, ਸੁਖਵੰਤ ਚੇਤਨਪੁਰਾ, ਡਾ. ਗੁਰਮੇਲ ਸਿੰਘ, ਤਰਲੋਚਨ ਝਾਂਡੇ, ਡਾ. ਜੋਗਾ ਸਿੰਘ, ਡਾ. ਅਨੂਪ ਸਿੰਘ ਬਟਾਲਾ, ਰਣਬੀਰ ਰਾਧਾ, ਡਾ. ਕੁਲਦੀਪ ਸਿੰਘ ਦੀਪ, ਸੁਰਜੀਤ ਸਿਰੜੀ ਹਰਿਆਣਾ, ਡਾ. ਸੰਤੋਖ ਸਿੰਘ ਸੁੱਖੀ, ਗੁਰਪ੍ਰੀਤ ਸਿੰਘ ਸੰਗਰਾਣਾ, ਸੁਰਿੰਦਰ ਕੈਲੇ, ਅਮਰਜੀਤ ਪੇਂਟਰ, ਡਾ. ਬਲਵਿੰਦਰ ਚਾਹਲ, ਪ੍ਰੋ. ਹਰਜੀਤ ਸਿੰਘ, ਬਲਕੌਰ ਸਿੰਘ ਗਿੱਲ, ਅਜੀਤ ਪਿਆਸਾ, ਕਾਮਰੇਡ ਰਾਜਿੰਦਰ ਬੱਲਾਂ ਨੇ ਸਾਂਝੇ ਤੌਰ 'ਤੇ ਨਾਮਜ਼ਦਗੀਆਂ ਵਾਪਸ ਲੈਣ ਦਾ ਫੈਸਲਾ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਫੈਸਲਾ ਲੇਖਕਾਂ ਦੀ ਆਪਸੀ ਫੁੱਟ ਅਤੇ ਧੜੇਬੰਦੀ ਨੂੰ ਰੋਕਣ ਲਈ ਕੀਤਾ ਗਿਆ ਹੈ। ਅਜੋਕੇ ਹਾਲਾਤ ਵਿੱਚ ਜਦੋਂ ਅਗਾਂਹਵਧੂ ਵਿਚਾਰਾਂ ਵਾਲੇ ਲੇਖਕਾਂ ਦੇ ਬੋਲਣ 'ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਅਤੇ ਸਰਕਾਰਾਂ ਵੱਲੋਂ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਆਦਿ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ ਤਾਂ ਅਜਿਹੇ ਸਮੇਂ ਵਿੱਚ ਲੇਖਕਾਂ ਦੀ ਇਕਜੁੱਟਤਾ ਸਮੇਂ ਦੀ ਲੋੜ ਹੈ।

## 'ਇੰਡੀਆ' ਗਠਜੋੜ ਵਲੋਂ 14 ਟੀ.ਵੀ. ਐਂਕਰਾਂ ਦੇ ਸ਼ੋਅਜ਼ ਦੇ ਬਾਈਕਾਟ ਦਾ ਫ਼ੈਸਲਾ

ਸਫ਼ਾ 1 ਦੀ ਬਾਕੀ

'ਇੰਡੀਆ' ਦੀ ਹਤਾਸ਼ਾ ਝਲਕਦੀ ਹੈ। ਇਸ ਦੌਰਾਨ ਨੈਸ਼ਨਲ ਯੂਨੀਅਨ ਆਫ਼ ਜਰਨਲਿਸਟਸ ਨੇ ਐਂਕਰਾਂ ਦੇ ਬਾਈਕਾਟ ਨੂੰ ਲੋਕਤੰਤਰ 'ਤੇ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਗਲਤ ਤੇ ਸਵੀਕਾਰਨਯੋਗ ਨਹੀਂ ਹੈ। ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਦੀ ਧੀ ਤੇ ਉਸ ਦੀ ਮੀਡੀਆ ਸਲਾਹਕਾਰ ਇਲਤਿਜਾ ਮੁਫ਼ਤੀ ਨੇ ਕਿਹਾ ਕਿ ਐਂਕਰਾਂ ਦੇ ਬਾਈਕਾਟ ਦਾ ਫ਼ੈਸਲਾ ਲੰਬਾ ਸਮਾਂ ਪਹਿਲਾਂ ਲੈ ਲਿਆ ਜਾਣਾ ਚਾਹੀਦਾ ਸੀ। ਉਸ ਨੇ 'ਐਕਸ' 'ਤੇ ਪੋਸਟ ਕੀਤਾ ਕਿ ਗੋਦੀ ਮੀਡੀਆ ਦੇ ਐਂਕਰ ਆਪਣੇ ਸ਼ੋਅਜ਼ ਰਾਹੀਂ ਘੱਟ ਗਿਣਤੀਆਂ ਨੂੰ ਬੁਰਾ ਬਣਾ ਕੇ ਲੋਕਾਂ 'ਚ ਨਫ਼ਰਤ ਫੈਲਾ ਰਹੇ ਹਨ।







mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker



NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
NOW OPENED IN SURREY
27 Years
INDUSTRY EXPERIENCE
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE
DISCOUNTS
FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਗੁਰਦੁਆਰਾ ਸ੍ਰੀ ਡੇਹਰਾ ਸਾਹਿਬ (ਸੰਖੇਪ ਇਤਿਹਾਸ)

## ਵਿਆਹ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਜਨਮ ਅਸਥਾਨ ਜਗਤ ਮਾਤਾ ਸੁਲੱਖਣੀ ਜੀ

ਮਾਤਾ ਸੁਲੱਖਣੀ ਜੀ ਦੇ ਪਿਤਾ ਮੂਲ ਚੰਦ ਚੋਣਾ ਖੱਤਰੀ ਅਤੇ ਮਾਤਾ ਚੰਦੋ ਰਾਣੀ ਜੀ ਜੋ ਕਿ ਜੱਦੀ ਪਿੰਡ ਪੱਖੋਕੇ ਰੰਧਾਵਾ (ਨੇੜੇ ਡੇਰਾ ਬਾਬਾ ਨਾਨਕ) ਦੇ ਰਹਿਣ ਵਾਲੇ ਸਨ। ਉਸ ਸਮੇਂ ਮਾਤਾ ਸੁਲੱਖਣੀ ਜੀ ਦੇ ਪਿਤਾ ਜੀ ਬਟਾਲਾ ਸ਼ਹਿਰ ਵਿੱਚ ਪਟਵਾਰੀ ਦੀ ਨੌਕਰੀ ਕਰਦੇ ਸਨ ਅਤੇ ਇਥੇ ਰਹਿੰਦਿਆਂ ਹੋਇਆਂ ਹੀ ਪਿਤਾ ਮੂਲ ਚੰਦ ਜੀ ਅਤੇ ਮਾਤਾ ਚੰਦੋ ਰਾਣੀ ਜੀ ਦੇ ਗ੍ਰਹਿ ਵਿਖੇ ਸੰਨ 1473 ਈ: ਨੂੰ ਜਗਤ ਮਾਤਾ ਸੁਲੱਖਣੀ ਜੀ ਦਾ ਇਸ ਪਾਵਨ-ਪਵਿੱਤਰ ਅਸਥਾਨ ਤੇ ਜਨਮ ਹੋਇਆ। ਜਨਮ ਤੋਂ ਲੈ ਕੇ ਵਿਆਹ ਤੱਕ ਮਾਤਾ ਸੁਲੱਖਣੀ ਜੀ ਇਸ ਘਰ ਵਿੱਚ ਰਹੇ।



ਬਾਅਦ ਵਿੱਚ ਇਸ ਅਸਥਾਨ ਤੇ ਹੀ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਵਿਆਹ ਭਾਦੋਂ ਸੁਦੀ ਸੱਤਵੀਂ ਸੰਮਤ ਬਿਕਰਮੀ 1544 ਮੁਤਾਬਿਕ 12 ਸਤੰਬਰ ਸੰਨ 1487 ਈਸਵੀ ਨੂੰ ਜਗਤ ਮਾਤਾ ਸੁਲੱਖਣੀ ਜੀ ਨਾਲ ਹੋਇਆ। ਵਿਆਹ ਨੂੰ ਨੇਪੜੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਗੁਰੂ ਨਾਨਕ ਸਾਹਿਬ ਜੀ ਦੇ ਜੀਜਾ ਜੈ ਰਾਮ ਜੀ ਵੱਲੋਂ ਨਿਭਾਈ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜਦੋਂ ਬਰਾਤ ਇਥੇ ਪਹੁੰਚੀ ਤਾਂ ਬਰਾਤ ਦਾ ਠਹਿਰਾਓ ਘਰ ਦੇ ਨਜਦੀਕ ਇੱਕ ਪੁਰਾਤਨ ਹਵੇਲੀ ਵਿੱਚ ਕੀਤਾ ਗਿਆ ਸੀ। ਜਿਥੇ ਹੁਣ ਸੁੰਦਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਦੀਆਂ ਸਾਰੀਆਂ ਰਸਮਾਂ 'ਗੁਰਦੁਆਰਾ ਸ੍ਰੀ ਡੇਹਰਾ ਸਾਹਿਬ' ਅਸਥਾਨ ਤੇ ਸੰਪੰਨ ਹੋਈਆਂ ਸਨ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਇਸੇ ਅਸਥਾਨ'ਤੇ ਮੂਲ ਮੰਤਰ ਲਿਖ ਕੇ ਚਾਰ ਲਾਵਾਂ ਲੈ ਕੇ ਵਿਆਹ ਸੰਪੰਨ ਕੀਤਾ ਸੀ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਜਦੋਂ ਮੂਲ ਚੰਦ ਜੀ ਪਟਵਾਰੀ ਦੀ ਨੌਕਰੀ ਤੋਂ ਸੇਵਾ-ਮੁਕਤ ਹੋਏ ਤਾਂ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਪੱਖੋਕੇ ਰੰਧਾਵਾ ਰਹਿਣਾ ਸ਼ੁਰੂ ਕਰ ਦਿੱਤਾ ਸੀ। ਬਾਅਦ ਵਿੱਚ ਛੇਵੇਂ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਜਦੋਂ ਆਪਣੇ ਸਪੁੱਤਰ ਧੰਨ-ਧੰਨ ਬਾਬਾ ਗੁਰਦਿੱਤਾ ਜੀ ਨੂੰ ਵਿਆਹੁਣ ਵਾਸਤੇ 29 ਵੈਸਾਖ ਸੰਨ 1624 (ਸੰਮਤ 1681) ਨੂੰ ਬਟਾਲਾ ਸ਼ਹਿਰ ਆਏ ਸਨ, ਜਿਥੇ ਹੁਣ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸੁਸ਼ੋਭਿਤ ਹੈ।



ਉਸ ਸਮੇਂ ਬਰਾਤ ਦੇ ਵਿੱਚ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਪੁੱਤਰੀ ਬੀਬੀ ਵੀਰੋ ਜੀ, ਸਾਂਢੂ ਭਾਈ ਸਾਂਈ ਦਾਸ ਜੀ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਦਾਤੂ ਜੀ ਆਦਿ ਸੰਗਤਾਂ ਨਾਲ ਆਈਆਂ ਸਨ। ਉਸ ਸਮੇਂ ਇਸ ਪਵਿੱਤਰ ਅਸਥਾਨ ਨੂੰ ਪਰਗਟ ਕੀਤਾ ਗਿਆ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਦੀ ਯਾਦਗਾਰ ਦੇ ਰੂਪ ਵਿੱਚ 'ਥੜ੍ਹਾ ਸਾਹਿਬ' ਬਣਵਾਇਆ ਗਿਆ ਸੀ ਜੋ ਅੱਜ ਵੀ ਮੌਜੂਦ ਹੈ। ਇਸੇ ਅਸਥਾਨ ਤੇ ਮਾਤਾ ਸੁਲੱਖਣੀ ਜੀ ਦੇ ਘਰ ਦੀ ਪਵਿੱਤਰ ਇਤਿਹਾਸਿਕ ਖੂਹੀ ਮੌਜੂਦ ਹੈ। ਇਸ ਖੂਹੀ ਦੇ ਜਲ ਨੂੰ ਛੇਵੇਂ ਪਾਤਿਸ਼ਾਹਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵਰ ਦਿੱਤਾ ਸੀ ਕਿ ਇਸ ਖੂਹੀ ਦਾ ਜਲ ਛਕਣ ਨਾਲ ਅਸਾਧ ਰੋਗ ਦੂਰ ਹੋਣਗੇ। ਇਤਿਹਾਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਜੀ ਦਾ ਵਿਆਹ ਸੰਨ 1785 ਈ: ਵਿੱਚ ਕਨ੍ਹਈਆ ਮਿਸਲ ਦੀ ਮਹਾਰਾਣੀ ਸਦਾ ਕੌਰ (ਜੋ ਕਿ ਉਸ ਸਮੇਂ ਬਟਾਲਾ ਸ਼ਹਿਰ ਤੇ ਰਾਜ ਕਰਦੇ ਸਨ) ਦੀ ਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਹੋਇਆ ਸੀ। ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ ਜੋ ਮਹਾਰਾਜਾ ਸ਼ੇਰ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ। ਬਹੁਤਾ ਸਮਾਂ ਮਹਾਰਾਜਾ ਸ਼ੇਰ ਸਿੰਘ ਜੀ ਵੱਲੋਂ ਆਪਣੀ ਨਾਨੀ ਮਹਾਰਾਣੀ ਸਦਾ ਕੌਰ ਕੋਲ ਬਟਾਲਾ ਵਿਖੇ ਬਤੀਤ ਕੀਤਾ ਗਿਆ। ਇਥੇ ਰਹਿੰਦਿਆਂ ਹੋਇਆਂ ਸ਼ਰਧਾਪੂਰਵਕ ਮਹਾਰਾਜਾ ਸ਼ੇਰ ਸਿੰਘ ਵੱਲੋਂ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੀ ਪਹਿਲੀ ਇਮਾਰਤ ਦੀ ਉਸਾਰੀ 1837 ਤੋਂ 1840 ਦੇ ਦਰਮਿਆਨ ਕਰਵਾਈ ਗਈ ਜਿਸਨੂੰ ਚਾਰ ਚਾਂਦੀ ਦੇ ਦਰਵਾਜਿਆਂ ਨਾਲ ਸਜਾਇਆ ਗਿਆ ਸੀ। ਮਹਾਰਾਜਾ ਸ਼ੇਰ ਸਿੰਘ ਵੱਲੋਂ ਇਸ ਅਸਥਾਨ ਦਾ ਨਾਮ 'ਗੁਰਦੁਆਰਾ ਸ੍ਰੀ ਡੇਹਰਾ ਸਾਹਿਬ' ਰੱਖਿਆ ਜੋ ਪਹਿਲਾਂ ਮੂਲ ਚੰਦ ਦਾ ਡੇਰਾ ਅਖਵਾਉਂਦਾ ਸੀ। ਹੁਣ ਇਸ ਪਾਵਨ-ਪਵਿੱਤਰ ਅਸਥਾਨ ਤੇ ਹਰ ਸਾਲ ਸਮੂਹ ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਜਗਤ-ਮਾਤਾ ਸੁਲੱਖਣੀ ਜੀ ਦਾ ਵਿਆਹ-ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

**ਲੈਕਚਰਾਰ ਗੁਰਮੀਤ ਸਿੰਘ ਭੋਮਾ**


TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
rcic·cric
License No. 562



EVERSHINE DENTISTRY
EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515

Dr. Anjanpal Kaur Bhalla



MORE EXPOSURE
MEANS MORE BUSINESS
NO NEED TO GO ANYWHERE


LINK
Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca



# ਕੇਸਰ ਵਾਲਾ ਦੁੱਧ ਕਈ ਸਮੱਸਿਆਵਾਂ ਤੋਂ ਦਿਵਾਉਂਦਾ ਹੈ ਛੁਟਕਾਰਾ

ਕੇਸਰ ਦੀ ਵਰਤੋਂ ਸਦੀਆਂ ਤੋਂ ਮਸਾਲੇ ਵਜੋਂ ਕੀਤੀ ਜਾਂਦੀ ਰਹੀ ਹੈ। ਇਹ ਭੋਜਨ ਦੇ ਸੁਆਦ ਤੇ ਖ਼ੁਸ਼ਬੂ ਨੂੰ ਵਧਾਉਣ ਵਿਚ ਮਦਦ ਕਰਦੀ ਹੈ। ਇਹ ਬਾਜ਼ਾਰ ਵਿਚ ਬਹੁਤ ਮਹਿੰਗਾ ਵੀ ਮਿਲਦਾ ਹੈ। ਕੇਸਰ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਤੁਸੀਂ ਘਰ ਦੇ ਬਜ਼ੁਰਗਾਂ ਤੋਂ ਸੁਣਿਆ ਹੋਵੇਗਾ



ਕਿ ਦੁੱਧ ‘ਚ ਕੇਸਰ ਮਿਲਾ ਕੇ ਪੀਣ ਨਾਲ ਹੈਰਾਨੀਜਨਕ ਫਾਇਦੇ ਹੁੰਦੇ ਹਨ। ਬੱਚਿਆਂ ਨੂੰ ਰੋਜ਼ਾਨਾ ਰਾਤ ਨੂੰ ਕੇਸਰ ਵਾਲਾ ਦੁੱਧ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਕੇਸਰ ‘ਚ ਆਇਰਨ, ਕੈਲਸ਼ੀਅਮ, ਵਿਟਾਮਿਨ-ਸੀ, ਫਾਸਫੋਰਸ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਇਸ ਨਾਲ ਇਮਿਊਨਿਟੀ ਮਜ਼ਬੂਤ ਹੁੰਦੀ ਹੈ ਅਤੇ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਜਾਣਦੇ ਹਾਂ ਕੇਸਰ ਵਾਲੇ ਦੁੱਧ ਦੇ ਫ਼ਾਇਦੇ :

### ਨੀਂਦ ਨੂੰ ਬਿਹਤਰ ਬਣਾਉਣ ’ਚ ਮਦਦਗਾਰ

ਕੇਸਰ ਵਿਚ ਮੌਜੂਦ ਸੀਰੋਟੋਨਿਨ ਨਾਲ ਨੀਂਦ ਬਿਹਤਰ ਆਉਂਦੀ ਹੈ। ਇਸ ਲਈ ਬੱਚੇ ਨੂੰ ਸੌਣ ਤੋਂ ਪਹਿਲਾਂ ਇਕ ਗਲਾਸ ਕੇਸਰ ਵਾਲਾ ਦੁੱਧ ਪਿਲਾਓ, ਇਸ ਨਾਲ ਉਸ ਨੂੰ ਚੰਗੀ ਨੀਂਦ ਆਵੇਗੀ।

### ਹੱਡੀਆਂ ਦੇ ਵਿਕਾਸ ‘ਚ ਸਹਾਇਕ

ਕੇਸਰ ਦੇ ਦੁੱਧ ਵਿਚ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਕੈਲਸ਼ੀਅਮ ਬੱਚੇ ਦੇ ਸਰੀਰਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ‘ਚ ਮੈਂਗਨੀਜ਼, ਵਿਟਾਮਿਨ-ਸੀ, ਵਿਟਾਮਿਨ-ਏ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਕੇਸਰ ਦਾ ਦੁੱਧ ਬੱਚਿਆਂ ਦੀਆਂ ਹੱਡੀਆਂ ਦੇ ਵਿਕਾਸ ਵਿਚ ਬਹੁਤ ਮਦਦਗਾਰ ਹੁੰਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਰੋਜ਼ਾਨਾ ਆਪਣੇ ਬੱਚੇ ਨੂੰ ਜ਼ਰੂਰ ਪਿਲਾਓ।

### ਪਾਚਨ ’ਚ ਸੁਧਾਰ

ਬੱਚਿਆਂ ਵਿਚ ਪਾਚਨ ਸੰਬੰਧੀ ਸਮੱਸਿਆਵਾਂ ਆਮ ਹੁੰਦੀਆਂ ਹਨ। ਕੇਸਰ ਦੇ ਦੁੱਧ ਵਿਚ ਮੌਜੂਦ ਗੁਣ ਪਾਚਨ ਕਿਰਿਆ ਨੂੰ ਸੁਧਾਰਨ ਵਿਚ ਮਦਦ ਕਰਦੇ ਹਨ। ਇਹ ਸਦੀਆਂ ਤੋਂ ਪਾਚਨ ਸੰਬੰਧੀ ਸਮੱਸਿਆਵਾਂ ਨੂੰ ਦੂਰ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਨਾਲ ਬੱਚੇ ਦੇ ਪਾਚਨ ਕਿਰਿਆ ਨੂੰ ਠੀਕ ਰੱਖਣ ‘ਚ ਮਦਦ ਮਿਲ ਸਕਦੀ ਹੈ।

### ਦਿਮਾਗ਼ ਦੀ ਸਿਹਤ ਲਈ ਲਾਹੇਵੰਦ

ਕੇਸਰ ‘ਚ ਮੌਜੂਦ ਰਿਬੋਫਲੇਵਿਨ ਅਤੇ ਥਿਆਮਿਨ ਵਰਗੇ ਪੋਸ਼ਕ ਤੱਤ ਦਿਮਾਗ ਨੂੰ ਸਿਹਤਮੰਦ ਰੱਖਣ ‘ਚ ਮਦਦ ਕਰਦੇ ਹਨ। ਬੱਚੇ ਦੇ ਦਿਮਾਗ਼ ਨੂੰ ਸਿਹਤਮੰਦ ਕਰਨ ਲਈ ਤੁਸੀਂ ਨਿਯਮਤ ਤੌਰ ‘ਤੇ ਕੇਸਰ ਵਾਲਾ ਦੁੱਧ ਪਿਲਾ ਸਕਦੇ ਹੋ।

BRITISH COLUMBIA

ਬੀ ਸੀ ਸਰਕਾਰ ਦੀਆਂ ਸੇਵਾਵਾਂ ਵਿੱਚ ਕਮੀਆਂ ਨੂੰ ਦੂਰ ਕਰਨ ਵਿੱਚ ਮਦਦ ਕਰੋ।

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ।

ਇਕੱਤਰ ਕੀਤੀ ਜਾਣਕਾਰੀ ਸਰਕਾਰੀ ਸੇਵਾਵਾਂ ਵਿੱਚ ਅਸਮਾਨਤਾਵਾਂ ਦੀ ਪਛਾਣ ਕਰਨ ਅਤੇ ਵਧੇਰੇ ਲੋਕਾਂ ਦੀ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਵਿੱਚ ਸਾਡੀ ਮਦਦ ਕਰੇਗੀ। ਇਸ ਵਿੱਚ ਹਿੱਸਾ ਲੈਣ ਲਈ ਸਾਨੂੰ ਸਾਰੇ ਪਿਛੋਕੜ ਵਾਲੇ ਲੋਕਾਂ ਦੀ ਲੋੜ ਹੈ।

ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਅਤੇ ਬੀ.ਸੀ. ਨੂੰ ਵਧੇਰੇ ਨਿਰਪੱਖ ਅਤੇ ਸੰਮਿਲਿਤ ਬਣਾਉਣ ਵਿੱਚ ਮਦਦ ਕਰਨ ਲਈ ਆਪਣਾ ਯੋਗਦਾਨ ਪਾਓ।

BRITISH COLUMBIA | BCStats

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ:
antiracism.gov.bc.ca/BCDemographicSurvey
'ਤੇ ਜਾਓ ਜਾਂ QR ਕੋਡ ਸਕੈਨ ਕਰੋ।

# ਜਦੋਂ ਵਿਆਹ ਵਾਲੇ ਵਿਹੜੇ 'ਚ ਕਵਿਤਾਵਾਂ ਦੀ ਗ਼ੁਲਜ਼ਾਰ ਖਿੜੀ-ਸਿੱਧੂ ਭਰਾਵਾਂ ਨੇ ਪਾਈ ਨਿਵੇਕਲੀ ਪਿਰਤ

ਸਰੀ (ਹਰਦਮ ਮਾਨ)-ਇੱਥੋਂ ਦੇ ਸਿੱਧੂ ਪਰਿਵਾਰ ਵੱਲੋਂ ਆਪਣੇ ਬੇਟੇ ਦੇ ਵਿਆਹ ਮੌਕੇ ਆਪਣੇ ਵਿਹੜੇ ਵਿਚ ਸਥਾਨਕ ਕਵੀਆਂ ਦੀ ਮਹਿਫ਼ਿਲ ਸਜਾ ਕੇ ਨਿਵੇਕਲਾ ਕਾਰਜ ਕੀਤਾ ਗਿਆ। ਸਾਹਿਤਕਾਰ ਅਜੈਬ ਸਿੰਘ ਸਿੱਧੂ ਦੇ ਬੇਟੇ ਅਤੇ ਸ਼ਾਇਰ ਗੁਰਮੀਤ ਸਿੰਘ ਸਿੱਧੂ ਦੇ ਭਤੀਜੇ ਮਨਵੀਰ ਸਿੰਘ ਸਿੱਧੂ ਦੇ ਵਿਆਹ ਦੀ ਰੌਣਕ ਵਿਚ ਸਥਾਨਕ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਬਹੁਤ ਹੀ ਖ਼ੁਸ਼ਗਵਾਰ ਮਾਹੌਲ ਸਿਰਜਿਆ। ਇਸ ਸੁਰਮਈ ਸ਼ਾਮ ਦਾ ਆਗਾਜ਼ ਗੁਰਮੀਤ ਸਿੰਘ ਸਿੱਧੂ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਫਿਰ ਸਟੇਜ ਸੰਚਾਲਕ ਅਤੇ ਗ਼ਜ਼ਲ ਮੰਚ ਸਰੀ ਦੇ ਸ਼ਾਇਰ ਰਾਜਵੰਤ ਰਾਜ ਨੇ ਇੰਦਰਜੀਤ ਧਾਮੀ ਦੇ ਕਲਾਮ ਨਾਲ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਕਾਵਿ ਮਹਿਫ਼ਿਲ ਵਿਚ ਉਸਤਾਦ ਕ੍ਰਿਸ਼ਨ ਭਨੋਟ, ਡਾ. ਗੋਪਾਲ ਸਿੰਘ ਬੁੱਟਰ, ਪਲਵਿੰਦਰ ਰੰਧਾਵਾ, ਮੋਹਨ ਗਿੱਲ, ਕਵਿੰਦਰ ਚਾਂਦ, ਬਿੰਦੂ ਮਠਾੜੂ, ਦਰਸ਼ਨ ਸੰਘਾ, ਹਰਦਮ ਮਾਨ, ਦਵਿੰਦਰ ਗੌਤਮ, ਸੁਖਜੀਤ, ਦਸ਼ਮੇਸ਼ ਗਿੱਲ ਫਿਰੋਜ਼, ਮੇਜਰ ਸਿੰਘ ਰੰਧਾਵਾ, ਪ੍ਰੀਤ ਮਨਪ੍ਰੀਤ, ਸੁਖਵਿੰਦਰ ਚੋਹਲਾ, ਸੁਰਜੀਤ ਮਾਧੋਪੁਰੀ, ਰਾਜਵੰਤ ਰਾਜ, ਜਸਵਿੰਦਰ ਅਤੇ ਗੁਰਮੀਤ ਸਿੰਘ ਸਿੱਧੂ ਨੇ ਆਪੋ ਆਪਣੇ ਕਾਵਿ-ਰੰਗਾਂ ਨਾਲ ਮਹਿਫ਼ਿਲ ਨੂੰ ਸ਼ਿਗਾਰਿਆ। ਕਵੀਆਂ ਦੇ ਰੰਗ ਸਨ-

"ਮੇਰੇ ਸੂਰਜ ਚੰਦ ਸਿਤਾਰਿਓ, ਝੁਕਣਾ ਨਹੀਂ ਠਰਣਾ ਨਹੀਂ
ਹਨੇਰੇ ਯੁਗ ਤੋਂ ਪਿਆਰਿਓ ਡਰਨਾ ਨਹੀਂ ਠਰਣਾ ਨਹੀਂ"
(ਡਾ. ਗੋਪਾਲ ਸਿੰਘ ਬੁੱਟਰ)

"ਪਿੰਡਾਂ ਦੇ ਵਿਚ ਰੱਬ ਵਸਦਾ ਸੀ ਹੁਣ ਵਸਦਾ ਉਹ ਦਿੱਲੀ
ਲਗਦੈ ਹਾਕਮ ਦੀ ਅਕਲ ਖਾਨਿਓਂ ਹਿੱਲੀ"
(ਮੋਹਨ ਗਿੱਲ)

ਇਹ ਕਿਸ ਤਰਾਂ ਦੀ ਰੌਸ਼ਨੀ ਆਉਂਦੀ ਹੈ ਸ਼ਹਿਰ 'ਚੋਂ
ਦਿਸਦਾ ਹੈ ਅਕਸ ਰਾਤ ਦਾ ਤਪਦੀ ਦੁਪਿਹਰ 'ਚੋਂ
(ਦਵਿੰਦਰ ਗੌਤਮ)

'ਥਾਲੀ ਵਿਚ ਸੋਨਾ ਆ
ਜੀਹਦੇ ਨਾਲ ਮੈਂ ਲਾਈਆਂ ਸਾਰੇ ਜੱਗ ਨਾਲੋਂ ਸੋਹਣਾ ਆ'
(ਸੁਖਜੀਤ)

'ਅਗਰ ਬਣਤੀ ਨਹੀਂ ਤੁਮ ਭ੍ਰਾਈਓਂ ਕੀ ਤੋ ਮੇਰੀ ਮਾਨੋਂ
ਕਿ ਪਹਿਲੀ ਬਾਤ ਤੋ ਕੋਸ਼ਿਸ਼ ਕਰੋ ਕਿ ਘਰ ਕੋ ਨਾ ਬਾਂਟੋ'
(ਦਸ਼ਮੇਸ਼ ਗਿੱਲ ਫਿਰੋਜ਼)

'ਬਹੁਤ ਕੋਸ਼ਿਸ਼ ਕਰੀ ਕਿ ਸਾਊ ਰਾਹੀਂ ਤੋਰ ਲਵਾਂ
ਬੜੇ ਹੀ ਅੜਬ ਨੇ ਮੇਰੇ ਮੁਤਾਬਿਕ ਚੱਲਦੇ ਨਹੀਂ'
(ਮੇਜਰ ਸਿੰਘ ਰੰਧਾਵਾ)

'ਸੋਚ ਸਮਝ ਕੇ ਹੀ ਲਿਖਿਆ ਕਰ ਧੁੱਪਾਂ ਦਾ ਫ਼ੁਰਮਾਨ ਕਿਤੇ
ਬਹੁਤਾ ਚਾਨਣ ਨਜ਼ਰ ਤੇਰੀ ਦਾ ਕਰ ਨਾ ਦੇਹ ਨੁਕਸਾਨ ਕਿਤੇ'
(ਪ੍ਰੀਤ ਮਨਪ੍ਰੀਤ)

'ਮੈਂ ਜੋ ਮੈਂ ਹਾਂ, ਸਿਰਫ ਏਹੀ ਹੀ ਨਹੀਂ ਹਾਂ, ਬਹੁਤ ਕੁਝ ਹੋਰ ਹਾਂ
ਮੈਂ ਤਾਂ ਆਦਿ ਤੋਂ ਅਨੰਤ ਤੀਕ ਫੈਲਿਆ ਹੋਇਆ ਹਾਂ'
(ਸੁਖਵਿੰਦਰ ਚੋਹਲਾ)

'ਦਿਲ ਹੀ ਢਹਿ ਜਾਵੇ ਤਾਂ ਫੁੱਲ ਵੀ ਟਿਕਦਾ ਨਹੀਂ ਹਥੇਲੀ 'ਤੇ
ਚਾਹਤ ਹੋਵੇ, ਚੀਚੀ ਨਾਲ ਪਹਾੜ ਹਿਲਾਇਆ ਜਾ ਸਕਦੈ'
(ਹਰਦਮ ਮਾਨ)

'ਮਸਲਦੇ ਕਿਉਂ ਨੇ ਮਾਸੂਮ ਕਲੀਆਂ ਨੂੰ,
ਸਬਜ਼ ਪੱਤੀਆਂ ਨੂੰ ਝਾੜਦੇ ਕਿਉਂ ਨੇ
ਬੀਜ ਕੇ ਖ਼ੁਦ ਗੁਲਾਬ ਸੱਧਰਾਂ ਦੇ
ਲੋਕ ਹੱਥੀਂ ਉਜਾੜਦੇ ਕਿਉਂ ਨੇ'
(ਰਾਜਵੰਤ ਰਾਜ)

'ਹੋਇਆ ਅੱਜ ਵਿੱਛੜੇ ਪਿਆਰਿਆਂ ਦਾ ਮੇਲ
ਕੀਤਾ ਤਕਦੀਰ ਨੇ ਦਤਾਰਿਆਂ ਦਾ ਮੇਲ'
(ਸੁਰਜੀਤ ਸਿੰਘ ਮਾਧੋਪੁਰੀ)

'ਤਪਸ਼ ਸੀਨੇ ਦੀ ਮਿਟਾਵੇ ਆਪਣੇ ਮਹਿਬੂਬ ਦੀ
ਇਸ਼ਕੀਆ ਨੈਣਾਂ 'ਚ ਸ਼ਰਾਬ ਕੁਝ ਤਾਂ ਚਾਹੀਦੇ ਹਜ਼ੂਰ'
(ਗੁਰਮੀਤ ਸਿੰਘ ਸਿੱਧੂ)

'ਤੇਰੇ ਖ਼ਿਆਲ ਦਾ ਮੈਨੂੰ ਸਰੂਰ ਇਉਂ ਚੜ੍ਹਿਆ
ਜਿਵੇਂ ਫਕੀਰ ਨੂੰ ਆ ਕੇ ਵਜਦ ਵਿਚ ਹਾਲ ਪਵੇ
ਖ਼ੁਦੀ ਤੋਂ ਪਾਰਲਾ ਮੰਜ਼ਰ ਕਿਵੇਂ ਬਿਆਨ ਕਰਾਂ
ਦਿਲਾਂ ਦੇ ਦੇਸ ਵਿਚ ਅਕਸਰ ਅਕਲ ਦਾ ਕਾਲ ਪਵੇ'
(ਜਸਵਿੰਦਰ)

ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਅਤੇ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਸਿੱਧੂ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਸਿੱਧੂ ਭਰਾਵਾਂ ਨੇ ਕਵੀ ਦਰਬਾਰ ਕਰਵਾ ਕੇ ਇਕ ਨਿਵੇਕਲੀ ਅਤੇ ਸ਼ਲਾਘਾਯੋਗ ਪਿਰਤ ਪਾਈ ਹੈ। ਅੰਤ ਵਿਚ ਅਜੈਬ ਸਿੰਘ ਸਿੱਧੂ ਨੇ ਸਾਰੇ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਾਡੀ ਖੁਸ਼ਨਸੀਬੀ ਹੈ ਕਿ ਪਿਆਰੇ ਸ਼ਾਇਰਾਂ ਨੇ ਸਾਡੇ ਵਿਹੜੇ 'ਚ ਪੈਰ ਪਾ ਕੇ ਵਿਆਹ ਦੀ ਖੁਸ਼ੀ ਨੂੰ ਦੂਣ ਸਵਾਇਆ ਕੀਤਾ ਹੈ।





Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL

Superior Mortgage
Unit 244-8138-128 Street, Surrey
604 507 1000
Our Symbol of Care & Service

ROHITA PANNU LAW CORPORATION


BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW
Ph: 604.589.1399
Fax : 604.589.1556
www.rohitapannulaw.com
# 102-9278, 120th St., Surrey, BC V3V 4W8

THANK YOU FOR MAKING US

2022

*Outstanding Achievement*

*National* TOP 20%

# PRIVATE MORTGAGES

**No Worries... We Can Help!**

Easily available Private Mortgage could be just what you need.

- ★ **Up to $5 million available**
- ★ **$10,000 to $1 million in just 24 Hours**




- ★ Residential Mortgages
- ★ Commercial Mortgages
- ★ Construction Mortgages
- ★ New Immigrants
- ★ Second Mortgages
- ★ First Time Home Buyers

invis
Canada's Mortgage Experts™
MORTGAGE INTELLIGENCE®

Call today to get started

**SANJEEV KATYAL**
**604.767.5194**
info@katyalmortgage.ca

WWW.KATYALMORTGAGE.CA




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2331 ਅੱਡੀ ਘੋੜੀ ਦੇ ਜਿਉਂ ਜਿਉਂ ਵੱਜਦੀ ਏ, ਤਿਉਂ ਤਿਉਂ ਫੜੀ ਜਾਏ ਰਫਤਾਰ ਬੇਲੀ।
ਹਨੇਰਾ ਚੀਰਦੀ ਜਾਏ ਦਸ਼ਮੇਸ਼ ਬੱਚੀ, ਮੂੰਹੋਂ ਬੋਲ ਕੇ ਸਤਿ ਕਰਤਾਰ ਬੇਲੀ।
ਅੱਧੀ ਰਾਤ ਪਿਸ਼ਾਵਰ ਉਹ ਜਾ ਪਹੁੰਚੀ, ਜਾ ਠੋਰਿਆ ਕਿਲੇ ਦਾ ਬਾਰ ਬੇਲੀ।
ਪਹਿਰੇਦਾਰ ਸਰਦਾਰ ਦੇ ਪਾਸ ਲੈਗੇ, ਹਰਚੰਦ ਸਿੰਘਾ ਕਰ ਸਤਿਕਾਰ ਬੈਲੀ॥

2332 ਹਰਸ਼ਰਨ ਕੌਰ ਨੇ ਹਰੀ ਸਿੰਘ ਅੱਗੇ, ਗੁਰੂ ਫ਼ਤਹ ਦਿੱਤੀ ਉਚਾਰ ਭਾਈ।
ਚਿੱਠੀ ਦਿੱਤੀ ਮਹਾਂ ਸਿੰਘ ਜੀ ਦੀ, ਦੱਸੇ ਜਾ ਕੇ ਸਮਾਚਾਰ ਭਾਈ।
ਘੇਰਾ ਕਿਲਾ ਜਮਰੋਦ (ਫਤਹਿ ਗੜ੍ਹ) ਨੂੰ ਆ ਪਾਇਆ, ਦੁਸ਼ਮਣ ਆਏ ਬੇਸ਼ੁਮਾਰ ਭਾਈ।
ਹਰਚੰਦ ਸਿੰਘਾ ਕਿਲ੍ਹੇ ਦੀ ਕੰਧ ਭੰਨੀ, ਗੋਲੇ ਤੋਪਾਂ ਦੇ ਦੂਰੋਂ ਮਾਰ ਭਾਈ॥

2333 ਸਰਦਾਰ ਨਲੂਏ ਉਠ ਕੇ ਬਿਸਤਰੇ ਤੋਂ, ਹੱਥ ਬੀਬੀ ਦੇ ਸਿਰ ਤੇ ਧਰਿਆਏ।
ਮੇਰੀ ਬੱਚੀਏ ਤੇਰਾ ਧੰਨ ਜ਼ੇਰਾ, ਕਠਨ ਕੰਮ ਜੋ ਇਤਨਾ ਕਰਿਆ ਏ।
ਨਵਾਂ ਸਿਰਜ ਤੈਂ ਅੱਜ ਇਤਿਹਾਸ ਦਿੱਤਾ, ਦਿਲ ਤੇਰਾ ਨਾ ਡੋਲਿਆ ਡਰਿਆ ਆਏ।
ਚੀਰ ਆਈ ਦਲ ਤੂੰ ਦੁਸ਼ਮਨਾਂ ਦੇ, ਹਰਚੰਦ ਸਿੰਘਾ ਦੋ ਜਖ਼ ਤੈਂ ਜਰਿ ਆਏ॥

2334 ਹਰਸ਼ਰਨ ਕੌਰ ਨੂੰ ਹਰੀ ਸਿੰਘ ਕਹਿੰਦੇ, ਤੁਸੀਂ ਰਤਾ ਅਰਾਮ ਫਰਮਾਓ ਬੀਬਾ।
ਭੁੱਖੀ ਹੋਏਗੀ ਦੂਰ ਦਾ ਪੰਧ ਕੀਤਾ, ਅੰਨ-ਪਾਣੀ ਮੁੱਖ ਨੂੰ ਲਾਓ ਬੀਬਾ।
ਹੁਕਮ ਦਿਨਿਆਂ ਹੁਣੇ ਲਛਕਰਾਂ ਨੂੰ, ਉਠ ਕਾਠੀਆਂ ਘੋੜਿਆਂ ਪਾਣ ਬੀਬਾ।
ਹਰਚੰਦ ਸਿੰਘਾ ਟੁੱਟਾਂਗੇ ਵੈਰੀਆਂ ਤੇ, ਤੁਸੀਂ ਮੂਲ ਨਾ ਹੁਣ ਘਬਰਾਓ ਬੀਬਾ॥

2335 ਅੱਧੀ ਰਾਤ ਜਵਾਨ ਸੀ ਘੂਕ ਸੁੱਤੇ, ਦਏ ਲੋਰੀਆਂ ਪੁਰੇ ਦੀ ਪੌਣ ਬੇਲੀ।
ਬਿਗਲ ਵੱਜਿਆ ਉਡੀਆਂ ਝੱਟ ਨੀਂਦਾਂ, ਲੱਗੇ ਵਰਦੀਆਂ ਘੋੜੇ ਸਜਾਨ ਬੇਲੀ।
ਹੁਣੇ ਕੂਚ ਜਮਰੌਦ ਦੇ ਵੱਲ ਕਰਨਾ, ਸਰਦਾਰ ਸਭ ਨੂੰ ਹੁਕਮ ਸਣਾਉਣ ਬੇਲੀ।
ਹਰਚੰਦ ਸਿੰਘਾ ਰਾਖੇ ਵਤਨਾਂ ਦੇ, ਗਾਫਲ ਹੋਕੇ ਕਦੇ ਨਾ ਸੌਣ ਬੇਲੀ॥

### ਸ਼ਾਹੀ ਹਕੀਮ ਨੇ ਹਰੀ ਸਿੰਘ ਨਲੂਏ ਨੂੰ ਆਰਾਮ ਕਰਨ ਦੀ ਸਲਾਹ ਦੇਣੀ

2336 ਹਰੀ ਸਿੰਘ ਜੀ ਵਰਦੀ ਪਾਉਣ ਲੱਗੇ, ਹਕੀਮ ਆ ਕੇ ਅਰਜ ਗੁਜਾਰਦਾ ਏ।
ਤਨ ਆਪਦਾ ਵਾਂਗ ਤੰਦੂਰ ਤਪੇ, ਜ਼ੋਰ ਪੂਰਾ ਅਜੇ ਬੁਖਾਰ ਦਾ ਏ।
ਜਾਣਾ ਠੀਕ ਨਹੀਂ ਅਜੇ ਮਹਿੰਮ ਉਤੇ, ਜੰਗ ਵਿਚ ਕੀ ਕੰਮ ਬਿਮਾਰ ਦਾ ਏ।
ਹਰੀ ਸਿੰਘ ਜੀ ਕਹਿਣ ਹਰਚੰਦ ਸਿੰਘਾ, ਮੈਨੂੰ ਮੇਰਾ ਫ਼ਰਜ ਪੁਕਾਰਦਾ ਏ॥

2337 ਰੁੱਕੇ ਕਈ ਲਹੌਰ ਨੂੰ ਅਸੀਂ ਘੱਲੇ, ਉੱਥੋਂ ਚੱਲ ਨਾ ਅਜੇ ਸਰਦਾਰ ਆਏ।
ਸਿੰਘ ਮੇਰੇ ਜਮਰੌਂਦ ਦੇ ਵਿਚ ਘਿਰੇ, ਉਤਰ ਵੈਰੀ ਨੇ ਬੇ ਸੁਮਾਰ ਆਏ।
ਜਿਨ੍ਹਾਂ ਚਿਰ ਨਾ ਮੋੜਾਂ ਮੂੰਹ ਜਾ ਕੇ, ਮੇਰੇ ਮਨ ਨਾ ਮੂਲ ਕਰਾਰ ਆਏ।
ਮੌਤ ਆਏ ਲੱਖ ਹਰਚੰਦ ਸਿੰਘਾ, ਜਿਉਂਦੇ ਜੀ ਨਾ ਹਿੱਸੇ ਹਾਰ ਆਏ॥

2338 ਤੁਸੀਂ ਆਪਣਾ ਫ਼ਰਜ਼ ਨਿਭਾਂਵਦੇ ਹੋ, ਮੈਨੂੰ ਆਪਣਾ ਫ਼ਰਜ਼ ਨਿਭਾਣ ਦੇਵੋ।
ਅਮਾਨਤ ਨਲੂਆ ਹਕੀਮ ਜੀ ਖਾਲਸੇ ਦੀ, ਹੁਣ ਰੋਕੋ ਨਾ ਮੈਨੂੰ ਜਾਣ ਦੇਵੋ।
ਦਵਾਈਆਂ ਬੂਟੀਆਂ ਆਪਣੇ ਕੋਲ ਰੱਖੋ, ਮੈਨੂੰ ਮੇਰੀ ਢਾਲ ਕਿਰਪਾਨ ਦੇਵੋ।
ਹਰਚੰਦ ਸਿੰਘਾ ਮੈਨੂੰ ਚੜ੍ਹਾਓ ਘੋੜੇ, ਮੁੜਾਂ ਜਿੱਤ ਕੇ ਇਹ ਵਰਦਾਨ ਦੇਵੋ॥

2339 ਬਹਾਨਾ ਲਾ ਬਿਮਾਰੀ ਦਾ ਬੈਠ ਜਾਵਾਂ, ਨਹੀਂ ਮੈਨੂੰ ਇਹ ਪਰਵਾਨ ਮੀਆਂ।
ਪਹਿਲਾਂ ਮੌਤ ਨੇ ਕਈ ਵਾਰ ਸਾਡਾ, ਆ ਕੇ ਲਿਆ ਏ ਇਮਤਿਹਾਨ ਮੀਆਂ।
ਪਹੁਲ ਖੰਡੇ ਦੀ ਅਸਾਂ ਸੀ ਫਿਰ ਸ਼ਕੀ, ਪਹਿਲਾਂ ਗੁਰਾਂ ਨੂੰ ਸੌਂਪ ਕੇ ਜਾਨ ਮੀਆਂ।
ਹਰਚੰਦ ਸਿੰਘਾ ਜਿੰਦ ਨੇ ਮੁਕਣਾਂ ਏ, ਸਫਲ ਮੁਕਣਾਂ ਮੁੱਕੇ ਮੈਦਾਨ ਮੀਆ॥

2340 ਅਰਦਾਸ ਕਰਕੇ ਹਰੀ ਸਿੰਘ ਨਲੂਆ, ਮਾਰ ਹੰਭਲਾ ਘੋੜੇ ਦੇ ਚੜਿਆ ਏ।
ਢਾਲ, ਤਲਵਾਰ ਤੇ ਨਾਲ ਬੰਦੂਕ ਟੰਗੀ, ਵਿਚ ਲੋਹੇ ਦੇ ਸੂਰਮਾ ਮੜਿਆ ਏ।
ਗੋਲੀ-ਸਿੱਕਾ ਗੁਰਾਂ ਦਾ ਨਾਮ ਲੈ ਕੇ, ਪਾਠ ਚੰਡੀ ਦਾ ਬੋਲਕੇ ਪੜ੍ਹਿਆ ਏ।
ਹਰਚੰਦ ਸਿੰਘਾ ਵੇਖ ਬਿਮਾਰ ਯੋਧਾ, ਅੱਗੇ ਦਲ ਦੇ ਆਣ ਕੇ ਖੱੜਿਆ ਏ॥

2341 'ਬੁਰਜ ਹਰੀ ਸਿੰਘ' ਦੇ ਕੋਲ ਆ ਕੇ, ਤਿੰਨ ਹਿੱਸੇ ਦਲ ਦੇ ਆਣ ਕੀਤੇ।
ਅਮਰ ਸਿੰਘ ਜੀ 'ਖੁਰਦ' ਮਜੀਠੀਏ ਦੇ, ਹਿੱਸੇ ਪੰਦਰਾਂ ਸੌ ਜਵਾਨ ਕੀਤੇ।
ਇਨ੍ਹੇ ਦੇ ਕੇ ਨਿਧਾਨ ਸਿੰਘ ਤਾਈਂ, ਦੋ ਹਜਾਰ ਸੀ ਖੁਦ ਕਮਾਨ ਕੀਤੇ।
ਸਾਲ ਸੈਂਤੀ ਦਾ ਦਸ ਅਪਰੈਲ ਹੈ ਸੀ, ਹਰਚੰਦ ਸਿੰਘਾ ਜਾ ਘਮਸਾਨ ਕੀਤੇ॥

2342 ਗਾਜ਼ੀ ਅਜੇ ਤਿਆਰੀ ਖਿੱਚਦੇ ਸੀ, ਸਿੰਘਾਂ ਖਿੱਚੀ ਆਣ ਤਲਵਾਰ ਹੈ ਸੀ।
ਤਿੰਨ ਪਾਸਿਓਂ ਹੱਲਾ ਬੋਲ ਦਿੱਤਾ, ਗੋਲੀ ਵਾਗਨਾਂ ਵੱਜੇ ਲਲਕਾਰ ਹੈ ਸੀ।
ਚੜ੍ਹੀਆਂ ਲਾਲੀ ਆਂ ਕਿਲੇ ਵਾਲਿਆ ਨੂੰ, ਬੈਠੇ ਹੋ ਕੇ ਜੋ ਤਿਆਰ ਹੈ ਸੀ।
ਹਰਚੰਦ ਸਿੰਘਾ ਕਈਆਂ ਦਾ ਸੁਤਰ-ਪਾਣੀ ਕਹਿੰਦੇ ਰਹਿ ਗਿਆ ਅੱਧ-ਵਿਚਕਾਰ ਹੈ ਸੀ॥

2343 ਮਹਾਂ ਸਿੰਘ ਵੀ ਕਿਲੇ ਦਾ ਖੋਲ੍ਹ ਬੂਹਾ, ਲੈ ਆਪਣੇ ਬਾਹਰ ਜਵਾਨ ਆਇਆ।
ਮਾਨ ਜਿਨ੍ਹਾਂ ਨੂੰ ਆਪਣੇ ਜ਼ੋਰ ਉਤੇ, ਖੰਜਰ ਫੜ ਕੇ ਹਰ ਪਠਾਨ ਆਇਆ।
ਦੋਵੇਂ ਧਿਰਾਂ ਖ਼ੂਨੋ ਖ਼ੂਨ ਹੋਈਆਂ, ਸੂਰਜ ਚੱਲ ਕੇ ਅੱਧ-ਅਸਮਾਨ ਆਇਆ।
ਹਰਚੰਦ ਸਿੰਘਾ ਮਾਰੋ-ਮਾਰ ਹੋਏ, ਉਤਰ ਬਦੀ ਤੇ ਵੇਖੋ ਇਨਸਾਨ ਆਇਆ॥

2344 'ਹਰੀਆ ਰਾਗਲੇ' (ਹਰੀ ਸਿੰਘ ਆਇਆ) ਕਹਿ ਫਰਾਰ ਹੋਏ, ਤਮਾਸ਼ਬੀਨ ਜੋ ਗਾਜੀਆਂ ਨਾਲ ਆਏ।
ਅਣਖੀ ਪੁੱਤ ਸੀ ਜੋ ਪਠਾਣੀਆਂ ਦੇ, ਪਾ ਪਿੜ ਦੇ ਵਿਚ ਧਮਾਲ ਆਏ।
ਚੋਟਾਂ ਖਾਧੀਆਂ ਮਾਰੀਆਂ ਤਨਾਂ ਉਤੇ, ਗੀਤ ਯੋਧਿਆਂ ਵਾਲੀ ਉਹ ਪਾਲ ਆਏ।
ਪਿੱਠ ਦਿੱਤੀ ਨਾ ਉਨ੍ਹਾਂ ਹਰਚੰਦ ਸਿੰਘਾ, ਨਾਲ ਖ਼ੂਨ ਦੇ ਕੱਢ ਸਵਾਲ ਆਏ॥

2345 ਸ਼ੰਮੀ ਖ਼ਾਨ ਦੇ ਨਾਲ ਅਖ਼ੂਨਜ਼ਾਦਾ, ਡਵੀਜ਼ਨ ਆਪਣਾ ਉਹ ਲੜਾਂਵਦੇ ਨੇ।
ਉਨ੍ਹਾਂ ਨਾਲ ਪਠਾਨ ਮਜਬੂਤ ਮੁੰਡੇ, ਤੇਗਾਂ ਬਿਜਲੀ ਵਾਂਗ ਚਲਾਂਵਦੇ ਨੇ।
ਇਧਰ ਹਰੀ ਸਿੰਘ ਦੇ ਵੀਰ ਯੋਧੇ, ਰੋਕ ਉਨ੍ਹਾਂ ਨੂੰ ਅੱਗੇ ਹੋ ਪਾਂਵਦੇ ਨੇ।
ਹਰਚੰਦ ਸਿੰਘਾ ਮੁੱਕੀ ਜਵਾਨ ਜਾਂਦੇ, ਸਰਦਾਰ ਨੇੜੇ ਹੋਈ ਜਾਂਵਦੇ ਨੇ॥

2346 ਲੜਦੇ ਲੜਦੇ ਸ਼ਮੀਖਾਨ ਮਿਰਜ਼ਾ, ਨਜ਼ਰ ਹਰੀ ਸਿੰਘ ਨੂੰ ਆਇਆ ਏ।
ਲੈ ਗੱਭਰੂ ਹਰੀ ਸਿੰਘ ਨਲੂਆ, ਸ਼ਮੀ ਖਾਨ ਨੂੰ ਘੇਰਾ ਪਾਇਆ ਏ।
ਗੁਸਾ ਖਾ ਕੇ ਖ਼ਾਨ ਨੇ ਵਾਰ ਕੀਤਾ, ਹਰੀ ਸਿੰਘ ਨੇ ਅਗੋਂ ਬਚਾਇਆ ਏ।
ਲੋਹਾ ਲੋਹੇ ਤੇ ਵੱਜੇ ਹਰਚੰਦ ਸਿੰਘਾ, ਘੋੜੇ ਹਿਣਕਦੇ ਸ਼ੋਰ ਮਚਾਇਆ ਏ॥

2347 ਹਰੀ ਸਿੰਘ ਦੇ ਆਈ ਚੋਟ ਜਦੋਂ, ਗੁੱਸਾ ਆਪਣਾ ਉਸ ਨੇ ਕੱਢਿਆਏ।
ਸਾਰੀ ਸ਼ਕਤੀ ਕਰ ਕੇ ਉਸ ਕੱਠੀ, ਬਰਸਾ ਸ਼ਮੀ ਖ਼ਾਨ ਦੇ ਗੱਡਿਆਏ।
ਲੋਹ ਕੋਟ ਨੂੰ ਪਾੜ ਕੇ ਸਾਰ ਤਿੱਖਾ, ਮੋਢਾ ਜਾ ਉਸਦਾ ਵੱਢਿਆਏ।
ਹਰਚੰਦ ਸਿੰਘਾ ਘੋੜੇ ਤੋਂ ਹੇਠ ਡਿੱਗਾ, ਲੜਨ ਜੋਗਾ ਨਾ ਉਹ ਛੱਡਿਆਏ॥

2348 ਸਾਥੀ ਚੁੱਕ ਕੇ ਸ਼ਮੀ ਖ਼ਾਨ ਤਾਈਂ, ਪੈਰ ਪਿਛਲ-ਖੁਰੀ ਹਟਾਉਣ ਲੱਗੇ।
ਸਿੰਘ ਜ਼ੋਰ ਦੀ ਉਚੀ ਲਾ ਨਾਅਰੇ, ਜੋਸ਼ ਸਾਥੀਆਂ ਤਾਈਂ ਚੜਾਉਣ ਲੱਗੇ।
ਇੰਝ ਲੱਗੇ ਆਗੀਆਂ ਹੋਰ ਫੌਜਾਂ, ਗਾਜ਼ੀ ਰਣ 'ਚੋਂ ਪੈਰ ਖਸਕਾਉਣ ਲੱਗੇ।
ਹਰਚੰਦ ਸਿੰਘਾ ਖ਼ੈਬਰਦੇ ਵੱਲ ਭੱਜੇ, ਜਾਨਾਂ ਆਪਣੀਆਂ ਉਹ ਬਚਾਉਣ ਲੱਗੇ॥

2349 ਨਿਧਾਨ ਸਿੰਘ ਸਰਦਾਰ ਜੋ 'ਪੰਜ ਹੱਥਾ', ਸਿੰਘ ਗਾਜ਼ੀਆਂ ਪਿੱਛੇ ਲਾਂਵਦਾ ਏ।
ਦਰ੍ਹਾ ਖ਼ੈਬਰ ਦੇ ਵਿਚ ਉਹ ਜਾ ਵੜੇ, ਕਤਲੇ ਆਮ ਉਹ ਉੱਥੇ ਮਚਾਂਵਦਾ ਏ।
ਸੂਰਜ ਧਸਿਆ ਵਿਚ ਪਹਾੜੀਆਂ ਦੇ, ਹਨੇਰਾ ਸੰਘਣਾ ਹੋਈ ਜਾਂਵਦਾ ਏ।
ਹਰੀ ਸਿੰਘ ਵੀ ਉਸਦੇ ਮਗਰ ਹੋਇਆ, ਮੱਦਦ ਸਿੰਘਾਂ ਨੂੰ ਜਾ ਪੁਚਾਂਵਦਾ ਏ॥

2350 'ਸਰਕਮਰ' ਚਟਾਨ ਦੇ ਕੋਲ ਪਹੁੰਚੇ, ਗੋਲੀ ਇਨ੍ਹਾਂ ਤੇ ਕਿਸੇ ਚਲਾ ਦਿੱਤੀ।
ਅਜਾਇਬ ਸਿੰਘ ਸਰਦਾਰ ਦੇ ਠਾਹ ਵੱਜੀ, ਬਾਡੀ ਗਾਰਡ ਦੀ ਜਿੰਦ ਮੁਕਾਦਿੱਤੀ।
ਠਾਹ ਠਾਹ ਫੈਰ ਦੋ ਹੋਰ ਆਏ, ਹਨੇਰੇ ਵਿਚਸੀ ਅੱਗ ਵਰ੍ਹਾ ਦਿੱਤੀ।
ਹਰੀ ਸਿੰਘ ਦੇ ਲੱਗੀਆਂ ਆਣ ਦੋਵੇਂ, ਹਰਚੰਦ ਸਿੰਘਾ ਸਨਸਨੀ ਪਾ ਦਿੱਤੀ॥

2351 ਕਮਰ ਕੱਸਾ ਖੋਲ੍ਹ ਕੇ ਫੱਟ ਬੰਨ੍ਹੇ, ਵਿਚੋਂ ਖ਼ੂਨ ਅਰਾਲੀਂ ਆਂਵਦਾ ਏ।
ਹਿੱਕ ਸਾੜ ਕੇ ਗੋਲੀਆਂ ਸਰਦ ਹੋਈਆਂ, ਸਰਦਾਰ ਮੁੜ ਕਿਲੇ ਨੂੰ ਜਾਂਵਦਾ ਏ।
ਮਹਾਂ ਸਿੰਘ ਨੇ ਘੋੜੇ ਤੋਂ ਚੱਕ ਲਾਹਿਆ, ਬਿਸਤਰ ਉਤੇ ਸਰਦਾਰ ਨੂੰ ਪਾਂਵਦਾ ਏ।
ਫਟ-ਬੰਨ੍ਹਾਂ ਨੂੰ ਸੱਦ ਹਰਚੰਦ ਸਿੰਘਾ, ਮਲਮ ਪੱਟੀਆਂ ਉਹ ਕਰਾਂਵਦਾ ਏ॥

2352 ਫੱਟ-ਬੰਨ੍ਹਾਂ ਨੇ ਗੋਲੀਆਂ ਕੱਢ ਦੋਵੇਂ, ਜਖਮ ਧੋ ਕੇ ਪੱਟੀ ਲਾ ਦਿੱਤੀ।
ਟੁਕੜੇ ਸੰਜੋਹ ਦੇ ਨਾੜੀਆਂ ਵਿਚ ਧਸੇ, ਜਹਿਰ ਉਨ੍ਹਾਂ ਨੇ ਅੰਦਰ ਪਾ ਦਿੱਤੀ।
ਰੱਤ ਕੁਝ ਬੁਖਾਰ ਨੇ ਪੀ ਲਈ, ਰਹਿੰਦੀ ਗੋਲੀਆਂ ਸਭ ਬਹਾ ਦਿੱਤੀ।
ਅੰਤ ਸਮਾ ਸਰਦਾਰ ਨੇ ਵੇਖ ਨੇੜੇ, ਮਹਾਂ ਸਿੰਘ ਨੂੰ ਗੱਲ ਸਮਝਾ ਦਿੱਤੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।**ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564**

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਕਾਰੀ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", **Msc, MCA** ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 **talwanid@hotmial.ca**

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।

**Contact: 604-897-1298,**
**Whatsapp Number: 99-156-52029**

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

****************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈਂਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ-
604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ਼ੂ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ ਧਢਛ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)

Email: galaxyinsulationdrywall@gmail.com

**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 **(Whats app)**

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਦਰਸ਼ਕਾਂ ਨੂੰ ਪਸੰਦ ਆਇਆ 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਫ਼ਿਲਮ ਦਾ ਟਰੇਲਰ

ਪੰਜਾਬੀ ਫ਼ਿਲਮ 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਦਾ ਟਰੇਲਰ ਕੁਝ ਦਿਨ ਪਹਿਲਾਂ ਹੀ ਰਿਲੀਜ਼ ਹੋਇਆ ਹੈ। ਟਰੇਲਰ ਤੋਂ ਪਤਾ ਲੱਗਦਾ ਹੈ ਕਿ ਇਹ ਫ਼ਿਲਮ ਦਾਜ ਵਰਗੇ ਗੰਭੀਰ ਵਿਸ਼ੇ ਨੂੰ ਕਾਮੇਡੀ ਦਾ ਤੜਕਾ ਲਗਾ ਕੇ ਸਮਾਜ ਨੂੰ ਇਕ ਸੇਧ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਬੇਸ਼ੱਕ ਇਹ ਇਕ ਕਾਮੇਡੀ ਫ਼ਿਲਮ ਹੈ ਪਰ ਜੇਕਰ ਕਾਮੇਡੀ ਦੇ ਨਾਲ ਸਮਾਜ ਨੂੰ ਕੋਈ ਸੁਨੇਹਾ ਦਿੱਤਾ ਜਾਵੇ ਤਾਂ ਇਸ ਤੋਂ ਵੱਧ ਹੋਰ ਕੁਝ ਨਹੀਂ ਹੋ ਸਕਦਾ ਤੇ ਇਹੀ ਚੀਜ਼ ਇਹ ਫ਼ਿਲਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਫ਼ਿਲਮ ਦੇ ਟਰੇਲਰ ਦੀ ਗੱਲ ਕਰੀਏ ਤਾਂ ਇਸ ਨੂੰ ਯੂਟਿਊਬ 'ਤੇ 8.2 ਮਿਲੀਅਨ ਯਾਨੀ 82 ਲੱਖ ਤੋਂ ਵੱਧ ਲੋਕਾਂ ਵਲੋਂ ਦੇਖਿਆ ਜਾ ਚੁੱਕਾ ਹੈ। ਟਰੇਲਰ ਵ੍ਹਾਈਟ ਹਿੱਲ ਮਿਊਜ਼ਿਕ ਦੇ ਚੈਨਲ 'ਤੇ ਰਿਲੀਜ਼ ਹੋਇਆ ਹੈ। 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਫ਼ਿਲਮ ਨੂੰ ਸਮੀਪ ਕੰਗ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੀ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ, ਜਿਸ ਨੂੰ ਗੁਨਬੀਰ ਸਿੰਘ ਸਿੱਧੂ, ਮਨਮੋਰਦ ਸਿੰਘ ਸਿੱਧੂ ਤੇ ਸੰਦੀਪ ਬਾਂਸਲ ਨੇ ਪ੍ਰੋਡਿਊਸ ਕੀਤਾ ਹੈ। ਫ਼ਿਲਮ 'ਚ ਐਮੀ ਵਿਰਕ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਬੀ. ਐੱਨ. ਸ਼ਰਮਾ, ਜੈਸਮੀਨ ਬਾਜਵਾ, ਮਾਹੀ ਸ਼ਰਮਾ, ਹਰਦੀਪ ਗਿੱਲ, ਮਲਕੀਤ ਰੌਣੀ, ਹਨੀ ਮੱਟੂ, ਸੀਮਾ ਕੌਸ਼ਲ, ਸਤਵਿੰਦਰ ਕੌਰ, ਪਰਮਿੰਦਰ ਗਿੱਲ, ਗੁਰੀ ਘੁੰਮਣ, ਮੋਹਨ ਕੰਬੋਜ ਤੇ ਵਿਜੇ ਟੰਡਨ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ, ਜੋ ਦੁਨੀਆ ਭਰ 'ਚ 28 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ।




# ਵਿਜੀਲੈਂਸ ਵੱਲੋਂ ਪਰਲਜ਼ ਗਰੁੱਪ ਦੇ ਮਾਲਕ ਦੀ ਪਤਨੀ ਗ੍ਰਿਫ਼ਤਾਰ

ਮੁਹਾਲੀ-ਵਿਜੀਲੈਂਸ ਬਿਊਰੋ ਪੰਜਾਬ ਨੇ ਪਰਲਜ਼ ਗੋਲਡਨ ਫੋਰੈਸਟ (ਪੀਜੀਐਫ) ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਨਿਰਮਲ ਸਿੰਘ ਭੰਗੂ ਦੀ ਪਤਨੀ ਪ੍ਰੇਮ ਕੌਰ ਭੰਗੂ ਵਾਸੀ ਫੇਜ਼-7 ਮੁਹਾਲੀ ਨੂੰ ਵੀ ਅੱਜ ਗ੍ਰਿਫ਼ਤਾਰ ਕਰ ਲਿਆ ਹੈ, ਜੋ ਕਾਫ਼ੀ ਸਮੇਂ ਤੋਂ ਤਫ਼ਤੀਸ਼ ਵਿੱਚ ਸ਼ਾਮਲ ਨਾ ਹੋ ਕੇ ਗ੍ਰਿਫ਼ਤਾਰੀ ਤੋਂ ਬਚਦੀ ਆ ਰਹੀ ਸੀ। ਉਸ ਨੂੰ ਪਰਲਜ਼ ਗਰੁੱਪ ਘੁਟਾਲੇ ਸਬੰਧੀ ਜਾਇਦਾਦ ਹੜੱਪਣ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ। ਉਸ ਨੇ ਪੰਜਾਬ ਵਿੱਚ ਪਰਲਜ਼ ਗਰੁੱਪ ਦੀਆਂ ਸਹਾਇਕ/ਸਮੂਹ ਕੰਪਨੀਆਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਸਬੰਧਤ ਜਾਇਦਾਦਾਂ ਨੂੰ ਵੇਚਣ ਲਈ ਆਪਣੇ ਨਜ਼ਦੀਕੀਆਂ ਨੂੰ ਅਧਿਕਾਰਤ ਕੀਤਾ ਹੋਇਆ ਸੀ। ਉਸ ਖ਼ਿਲਾਫ਼ ਜ਼ੀਰਾ ਵਿੱਚ ਪਰਚਾ ਦਰਜ ਕੀਤਾ ਗਿਆ ਸੀ ਪਰ ਉਹ ਜਾਂਚ ਵਿੱਚ ਸ਼ਾਮਲ ਨਹੀਂ ਹੋਈ ਸੀ। ਵਿਜੀਲੈਂਸ ਅਨੁਸਾਰ ਪ੍ਰੇਮ ਕੌਰ ਭੰਗੂ ਪਰਲਜ਼ ਗਰੁੱਪ ਦੀਆਂ ਕਈ ਸਮੂਹ/ਸਬਸਿਡਰੀ ਕੰਪਨੀਆਂ ਵਿੱਚ ਡਾਇਰੈਕਟਰ ਵੀ ਰਹਿ ਚੁੱਕੀ ਹੈ। ਉਸ ਦੇ ਪਤੀ ਨਿਰਮਲ ਸਿੰਘ ਭੰਗੂ ਨੂੰ ਪਹਿਲਾਂ ਹੀ ਸੀਬੀਆਈ ਵੱਲੋਂ ਚਿਟ ਫੰਡ ਘੁਟਾਲੇ ਵਿੱਚ ਗ੍ਰਿਫ਼ਤਾਰ ਕਰਕੇ ਚਾਰਜਸ਼ੀਟ ਕੀਤਾ ਹੋਇਆ ਹੈ। ਇਸ ਸਕੀਮ ਵਿੱਚ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲਗਪਗ 5 ਕਰੋੜ ਨਿਵੇਸ਼ਕਾਂ ਵੱਲੋਂ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਸਰਕਾਰ ਨੇ ਲੋਕਾਂ ਨਾਲ ਪੈਸੇ ਵਾਪਸ ਕਰਨ ਦਾ ਵਾਅਦਾ ਕੀਤਾ ਹੋਇਆ ਹੈ।

# ਨਸ਼ਾ ਵਿਰੋਧੀ ਲਹਿਰ ਦੇ ਆਗੂ ਪਰਵਿੰਦਰ ਝੋਟਾ ਮੁਕਤਸਰ ਜੇਲ੍ਹ 'ਚੋਂ ਰਿਹਾਅ

ਮਾਨਸਾ-ਨਸ਼ਿਆਂ ਖ਼ਿਲਾਫ਼ ਡਟਣ ਵਾਲੇ ਪਰਵਿੰਦਰ ਸਿੰਘ ਝੋਟਾ ਨੂੰ ਮੁਕਤਸਰ ਦੀ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਉਸ ਦੀ ਰਿਹਾਈ 'ਤੇ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਅਤੇ ਐਂਟੀ ਡਰੱਗ ਟਾਸਕ ਫੋਰਸ ਨੇ ਲੋਕ ਸੰਘਰਸ਼ ਅਤੇ ਏਕਤਾ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਉਹ ਲਗਪਗ ਦੋ ਮਹੀਨਿਆਂ ਤੋਂ ਜੇਲ੍ਹ 'ਚ ਨਜ਼ਰਬੰਦ ਸੀ ਅਤੇ ਉਸੇ ਦਿਨ ਤੋਂ ਹੀ ਥਾਣਾ ਸਿਟੀ-2 ਸਾਹਮਣੇ ਜਥੇਬੰਦਕ ਧਿਰਾਂ ਨੇ ਪੱਕਾ ਮੋਰਚਾ ਲਾਇਆ ਹੋਇਆ ਹੈ। ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਭਾਰੀ ਦਬਾਅ ਹੇਠ ਮਾਨਸਾ ਪੁਲੀਸ ਪ੍ਰਸ਼ਾਸਨ ਨੇ ਸਾਰੀਆਂ ਕਾਨੂੰਨੀ ਅੜਚਨਾਂ ਦੂਰ ਕਰਦਿਆਂ ਪਰਵਿੰਦਰ ਸਿੰਘ ਝੋਟਾ ਦੀ ਰਿਹਾਈ ਦੇ ਸਾਰੇ ਰਸਤੇ ਖੋਲ੍ਹ ਦਿੱਤੇ ਹਨ। ਅਦਾਲਤੀ ਕਾਰਵਾਈਆਂ ਨੂੰ ਪੂਰਦਿਆਂ ਜਿਉਂ ਹੀ ਪੁਲੀਸ ਅਤੇ ਝੋਟਾ ਖ਼ਿਲਾਫ਼ ਦਰਖ਼ਾਸਤ ਦੇਣ ਵਾਲਿਆਂ ਨੇ ਦਰਖ਼ਾਸਤ ਵਾਪਸ ਲੈਣ ਦੇ ਬਿਆਨ ਕਲਮਬੰਦ ਕਰਵਾਏ ਤਾਂ ਅਦਾਲਤ ਨੇ ਪਰਵਿੰਦਰ ਸਿੰਘ ਦੀ ਰਿਹਾਈ ਦੇ ਹੁਕਮ ਕਰ ਦਿੱਤੇ। ਪਰਵਿੰਦਰ ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਨੇ ਆਪਣੇ ਪੁੱਤ ਦੀ ਰਿਹਾਈ ਨੂੰ ਲੋਕ ਏਕੇ ਦੀ ਵੱਡੀ ਜਿੱਤ ਕਰਾਰ ਦਿੰਦਿਆਂ ਉਸ ਦੇ ਜੇਲ੍ਹ ਤੋਂ ਬਾਹਰ ਆਉਣ ਨਾਲ ਨਸ਼ਾ ਰੋਕੂ ਮੁਹਿਮ ਮਜ਼ਬੂਤ ਹੋਣ ਦਾ ਦਾਅਵਾ ਕੀਤਾ। ਉਸ ਦੀ ਮਾਤਾ ਅਮਰਜੀਤ ਕੌਰ ਨੇ ਕਿਹਾ ਭਾਵੇਂ ਪੁੱਤਰ ਦੇ ਜੇਲ੍ਹ ਜਾਣ ਤੋਂ ਬਾਅਦ ਘਰ ਦੀ ਰੌਣਕ ਗੁੰਮ ਹੋ ਗਈ ਸੀ ਪਰ ਉਸ ਦੇ ਮਨੋਰਥ ਨੇ ਜਿਹੜਾ ਮਾਣ ਤੇ ਸਤਿਕਾਰ ਪਰਿਵਾਰ ਨੂੰ ਦਿਵਾਇਆ ਹੈ, ਉਹ ਵੱਡੀ ਪ੍ਰਾਪਤੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ (ਮੀਡੀਆ) ਮਨਜੀਤ ਸਿੰਘ ਸਿੱਧੂ ਨੇ ਮਾਨਸਾ ਜ਼ਿਲ੍ਹੇ ਦੇ ਦੋ ਵਿਧਾਇਕਾਂ ਪ੍ਰਿੰਸੀਪਲ ਬੁੱਧਰਾਮ ਅਤੇ ਗੁਰਪ੍ਰੀਤ ਸਿੰਘ ਬਣਾਂਵਾਲੀ ਸਮੇਤ ਐੱਸਐੱਸਪੀ ਡਾ. ਨਾਨਕ ਸਿੰਘ ਦੀ ਮੌਜੂਦਗੀ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਅਤੇ ਪਰਵਿੰਦਰ ਦੀ ਛੇਤੀ ਰਿਹਾਈ ਲਈ ਭਰੋਸਾ ਦਿੱਤਾ ਸੀ। ਇਸ ਤੋਂ ਪਹਿਲਾਂ ਪੱਕੇ ਮੋਰਚੇ ਨੂੰ ਸੰਬੋਧਨ ਕਰਦਿਆਂ ਭਾਈ ਗੁਰਸੇਵਕ ਸਿੰਘ ਜਵਾਹਰਕੇ, ਬੋਘ ਸਿੰਘ, ਅਮਨ ਪਟਵਾਰੀ ਤੇ ਗਗਨ ਸ਼ਰਮਾ ਨੇ ਇਸ ਨੂੰ ਪੂਰੇ ਪੰਜਾਬ ਦੀ ਜਿੱਤ ਦੱਸਦਿਆਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਨਸ਼ਿਆਂ ਦੇ ਖਾਤਮੇ ਲਈ ਪਿੰਡਾਂ ਵਿੱਚ ਪੱਕੇ ਝੰਡੇ ਗੱਡ ਚੁੱਕੇ ਹਨ। ਇਸੇ ਦੌਰਾਨ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੋ ਭਰੋਸਾ ਦਿੱਤਾ ਗਿਆ, ਉਸ ਨੂੰ ਸਿਰੇ ਚੜ੍ਹਾਇਆ ਗਿਆ ਹੈ।






# ਪੰਜਾਬੀ 'ਵਰਸਿਟੀ ਦੀ ਵਿਦਿਆਰਥਣ ਦੀ ਮੌਤ ਮਗਰੋਂ ਹੰਗਾਮਾ-ਹਜ਼ੂਮ ਵੱਲੋਂ ਅਧਿਆਪਕ ਦੀ ਕੁੱਟਮਾਰ

ਪਟਿਆਲਾ-ਪੰਜਾਬੀ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥਣ ਦੀ ਕਲਾਸ ਵਿੱਚ ਤਬੀਅਤ ਵਿਗੜਨ ਉਪਰੰਤ ਲੰਘੀ ਰਾਤ ਉਸ ਦੀ ਘਰ ਪੁੱਜ ਕੇ ਮੌਤ ਹੋ ਗਈ। ਵਿਦਿਆਰਥਣ ਦੀ ਮੌਤ ਦਾ ਪਤਾ ਲੱਗਣ 'ਤੇ ਵਿਦਿਆਰਥੀ ਭੜਕ ਗਏ ਤੇ ਉਨ੍ਹਾਂ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਸੁਰਜੀਤ ਸਿੰਘ ਦੀ ਕਥਿਤ ਕੁੱਟਮਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਉਧਰ ਯੂਨੀਵਰਸਿਟੀ ਰਜਿਸਟਰਾਰ ਦੀ ਸ਼ਿਕਾਇਤ 'ਤੇ ਸੌ ਦੇ ਕਰੀਬ ਵਿਦਿਆਰਥੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਵਿਦਿਆਰਥਣ ਦੇ ਸਾਥੀਆਂ ਅਨੁਸਾਰ ਜਦੋਂ ਵਿਦਿਆਰਥਣ ਨੇ ਛੁੱਟੀ ਮੰਗੀ ਤਾਂ ਉਸ ਨੂੰ 'ਜੇ ਛੁੱਟੀ ਲੈਣੀ ਹੁੰਦੀ ਹੈ ਤਾਂ ਘਰੋਂ ਨਾ ਆਇਆ ਕਰੋ' ਆਖਿਆ ਗਿਆ। ਵਿਦਿਆਰਥਣ ਦੀ ਪਛਾਣ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਜਸ਼ਨਦੀਪ ਕੌਰ ਜਟਾਣਾ ਵਜੋਂ ਹੋਈ ਹੈ, ਜੋ ਪੰਜ ਸਾਲਾ ਇੰਟੈਗਰੇਟਿਡ ਕੋਰਸ (ਲੈਂਗੂਏਜ) ਦੇ ਪਹਿਲੇ ਸਾਲ ਦੀ ਵਿਦਿਆਰਥਣ ਸੀ। ਉਹ ਕੁਝ ਸਮੇਂ ਤੋਂ ਬਿਮਾਰ ਸੀ ਜਿਸ ਦੀ ਕਲਾਸ ਵਿੱਚ ਤਬੀਅਤ ਵਿਗੜਨ 'ਤੇ ਡਿਸਪੈਂਸਰੀ ਲਿਜਾਇਆ ਗਿਆ। ਇਥੇ ਪੁੱਜੇ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਕੱਲ੍ਹ ਹੀ ਘਰ ਲੈ ਗਏ ਸਨ ਤੇ ਰਾਤ ਨੂੰ ਉਸ ਦੀ ਮੌਤ ਹੋ ਗਈ। ਉਧਰ ਜਸ਼ਨਦੀਪ ਦੀਆਂ ਕੁਝ ਸਾਥਣਾਂ ਵੱਲੋਂ



ਮਾਪਿਆਂ ਨੂੰ ਦੱਸਿਆ ਗਿਆ ਕਿ ਜਦੋਂ ਜਸ਼ਨ ਨੇ ਤਬੀਅਤ ਵਿਗੜਨ ਕਾਰਨ ਛੁੱਟੀ ਮੰਗੀ ਤਾਂ ਅਧਿਆਪਕ ਨੇ ਜਮਾਤੀਆਂ ਸਾਹਮਣੇ ਹੀ ਝਾੜ ਪਾਈ, ਜਿਸ ਕਾਰਨ ਜਸ਼ਨਦੀਪ ਕੌਰ ਮਾਨਸਿਕ ਪ੍ਰੇਸ਼ਾਨ ਹੋ ਗਈ। ਇਸੇ ਦੌਰਾਨ ਅਧਿਆਪਕ ਖ਼ਿਲਾਫ਼ ਕਾਰਵਾਈ ਦੀ ਮੰਗ ਤਹਿਤ ਵਿਦਿਆਰਥੀਆਂ ਨੇ ਅੱਜ ਵੀਸੀ ਦਫ਼ਤਰ ਅੱਗੇ ਧਰਨਾ ਲਾ ਦਿੱਤਾ ਪਰ ਸਥਿਤੀ ਜਾਣਨ ਲਈ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਅਧਿਆਪਕ ਨੂੰ ਪਹਿਲਾਂ ਹੀ ਦਫ਼ਤਰ ਬੁਲਾਇਆ ਹੋਇਆ ਸੀ। ਇਸ ਤੋਂ ਬਾਅਦ ਅਧਿਆਪਕ ਤੇ ਵਿਦਿਆਰਥੀਆਂ ਦੀ ਬਹਿਸ ਮਗਰੋਂ ਅਧਿਆਪਕ ਦੀ ਕੁੱਟਮਾਰ ਕੀਤੀ ਗਈ। ਬੇਹੋਸ਼ ਹੋ ਕੇ ਡਿੱਗੇ ਅਧਿਆਪਕ ਨੂੰ ਸੁਰੱਖਿਆ ਅਮਲੇ ਨੇ ਭੀੜ ਵਿਚੋਂ ਕੱਢ ਕੇ ਹਸਪਤਾਲ ਪਹੁੰਚਾਇਆ। ਯੂਨੀਵਰਸਿਟੀ ਦੇ ਡਾਇਰੈਕਟਰ (ਪਬਲਿਕ ਰਿਲੇਸ਼ਨ) ਦਲਜੀਤ ਅਮੀ ਨੇ ਅਧਿਆਪਕ ਵੱਲੋਂ ਵਿਦਿਆਰਥਣ ਨੂੰ ਝਾੜ ਪਾਉਣ ਦੇ ਦੋਸ਼ਾਂ ਨੂੰ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਜਸ਼ਨਦੀਪ ਕੌਰ ਨੂੰ ਤਬੀਅਤ ਵਿਗੜਨ 'ਤੇ ਡਿਸਪੈਂਸਰੀ 'ਚ ਦਾਖ਼ਲ ਕਰਵਾਇਆ ਗਿਆ ਸੀ ਜਿਥੋਂ ਉਸ ਦੇ ਮਾਪੇ ਬਠਿੰਡਾ ਲੈ ਗਏ। ਉਨ੍ਹਾਂ ਕਿਹਾ ਕਿ ਕੁਝ ਅਨਸਰ ਯੂਨੀਵਰਸਿਟੀ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਉਧਰ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਕਿਹਾ ਕਿ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ, ਅਧਿਆਪਕਾਂ ਤੇ ਮੁਲਾਜ਼ਮਾਂ ਪ੍ਰਤੀ ਹਮੇਸ਼ਾ ਸੁਹਿਰਦ ਪਹੁੰਚ ਰੱਖਦੀ ਹੈ ਤੇ ਮੁਸ਼ਕਲ ਵੇਲੇ ਉਨ੍ਹਾਂ ਨਾਲ ਖੜ੍ਹਦੀ ਹੈ।




## ਜਵਾਨਾਂ ਦੀ ਸ਼ਹਾਦਤ ਵਾਲੇ ਦਿਨ ਭਾਜਪਾ ਦੇ ਜਸ਼ਨਾਂ 'ਤੇ ਵਿਰੋਧੀ ਧਿਰ ਨੇ ਚੁੱਕੇ ਸਵਾਲ

ਨਵੀਂ ਦਿੱਲੀ-ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੇ ਕੁਝ ਭਾਈਵਾਲਾਂ ਨੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਜਿਸ ਦਿਨ ਜੰਮੂ ਕਸ਼ਮੀਰ 'ਚ ਅਤਿਵਾਦੀਆਂ ਮੁਕਾਬਲਾ ਕਰਦੇ ਹੋਏ ਸੈਨਾ ਤੇ ਪੁਲੀਸ ਦੇ ਤਿੰਨ ਅਧਿਕਾਰੀ ਸ਼ਹੀਦ ਹੋ ਗਏ ਸੀ, ਉਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਟੀ ਹੈੱਡਕੁਆਰਟਰ ਪਹੁੰਚਣ 'ਤੇ ਜਸ਼ਨ ਕਿਉਂ ਮਨਾਏ ਗਏ ? ਉਨ੍ਹਾਂ ਕਿਹਾ ਕਿ ਇਹ ਜਸ਼ਨ ਟਾਲਿਆ ਵੀ ਜਾ ਸਕਦਾ ਸੀ। ਇਹ ਜਸ਼ਨ ਜੀ-20 ਸੰਮੇਲਨ ਦੀ ਕਾਮਯਾਬੀ ਲਈ ਮਨਾਇਆ ਗਿਆ ਸੀ। ਸੋਸ਼ਲ ਮੀਡੀਆ ਮੰਚ ਐਕਸ 'ਤੇ ਕਾਂਗਰਸ ਨੇ ਪ੍ਰਧਾਨ ਮੰਤਰੀ ਨੂੰ 'ਸੰਵੇਦਨਹੀਣ' ਕਰਾਰ ਦਿੱਤਾ ਅਤੇ ਉਨ੍ਹਾਂ ਸ਼ਹੀਦ ਜਵਾਨਾਂ ਦੇ ਪਰਿਵਾਰਕ ਮੈਂਬਰਾਂ ਦੇ ਰੋਂਦਿਆਂ ਦੀਆਂ ਤੇ ਪ੍ਰਧਾਨ ਮੰਤਰੀ ਦਾ ਭਾਜਪਾ ਹੈੱਡਕੁਆਰਟਰ 'ਤੇ ਫੁੱਲਾਂ ਨਾਲ ਸਵਾਗਤ ਕੀਤੇ ਜਾਣ ਦੀਆਂ ਵੀਡੀਓਜ਼ ਵੀ ਸਾਂਝੀਆਂ ਕੀਤੀਆਂ। ਕਾਂਗਰਸ ਆਗੂ ਪਵਨ ਖੇੜਾ ਨੇ ਐਕਸ 'ਤੇ ਲਿਖਿਆ ਕਿ ਜਿਸ ਸਮੇਂ ਸਾਡੀ ਫੌਜ ਦੇ ਤਿੰਨ ਅਫਸਰਾਂ ਦੇ ਸ਼ਹੀਦ ਹੋਣ ਦੀ ਦੁਖਦਾਈ ਖ਼ਬਰ ਆ ਰਹੀ ਸੀ, ਉਸੇ ਸਮੇਂ ਭਾਜਪਾ ਦੇ ਹੈਡਕੁਆਰਟਰ 'ਤੇ 'ਬਾਦਸ਼ਾਹ' ਲਈ ਜਸ਼ਨ ਮਨਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ, 'ਕੁਝ ਵੀ ਹੋਵੇ ਪ੍ਰਧਾਨ ਮੰਤਰੀ ਆਪਣੀ ਵਾਹਵਾਹੀ ਨਹੀਂ ਟਾਲ ਸਕਦੇ।' ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਪ੍ਰਧਾਨ ਮੰਤਰੀ ਦੇ ਸਵਾਗਤ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਕਿਹਾ, 'ਸ਼ਹੀਦ ਜਵਾਨਾਂ ਦੇ ਛੋਟੇ-ਛੋਟੇ ਬੱਚਿਆਂ ਦੀਆਂ ਤਸਵੀਰਾਂ ਦੇਖ ਕੇ ਮੇਰਾ ਦਿਲ ਟੁੱਟ ਗਿਆ ਅਤੇ ਉੱਥੇ ਜਸ਼ਨ ਨਹੀਂ ਰੁਕੇ। ਉਨ੍ਹਾਂ ਪੁਲਵਾਮਾ 'ਚ 40 ਜਵਾਨਾਂ ਦੇ ਸ਼ਹੀਦ ਹੋਣ ਮਗਰੋਂ ਵੀ ਆਪਣੀ ਸ਼ੂਟਿੰਗ ਨਹੀਂ ਰੋਕੀ ਸੀ। ਅਜਿਹੀ ਸੰਵੇਦਨਹੀਣਤਾ ਸੋਚੀ ਵੀ ਨਹੀਂ ਜਾ ਸਕਦੀ।' ਸ਼ਿਵ ਸੈਨਾ (ਊਧਵ ਠਾਕਰੇ) ਆਗੂ ਪ੍ਰਿਯੰਕਾ ਚਤੁਰਵੇਦੀ ਨੇ ਕਿਹਾ, 'ਇਹ (ਜਸ਼ਨ) ਟਾਲਿਆ ਜਾ ਸਕਦਾ ਸੀ।

## ਸਿੱਖ ਨੌਜਵਾਨਾਂ ਦਾ ਝੂਠਾ ਪੁਲਿਸ ਮੁਕਾਬਲਾ ਬਣਾਉਣ ਦੇ ਦੋਸ਼ ਹੇਠ ਸਾਬਕਾ ਡੀਐੱਸਪੀ ਸਣੇ ਤਿੰਨ ਅਫ਼ਸਰਾਂ ਨੂੰ ਉਮਰ ਕੈਦ

ਐਸ.ਏ.ਐਸ. ਨਗਰ (ਮੁਹਾਲੀ)-ਮੁਹਾਲੀ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਨੇ ਕਰੀਬ ਤਿੰਨ ਦਹਾਕੇ ਤੋਂ ਵੱਧ ਪੁਰਾਣੇ ਫਰਜ਼ੀ ਪੁਲੀਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਸੇਵਾਮੁਕਤ ਡੀਐਸਪੀ ਗੁਰਦੇਵ ਸਿੰਘ ਸਮੇਤ ਥਾਣਾ ਲੋਪੋਕੇ ਦੇ ਤਤਕਾਲੀ ਐਸਐਚਓ ਧਰਮ ਸਿੰਘ ਅਤੇ ਇੱਕ ਹੋਰ ਸਾਬਕਾ ਸਬ ਇੰਸਪੈਕਟਰ ਸੁਰਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਅੱਜ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ 2-2 ਲੱਖ ਰੁਪਏ ਜੁਰਮਾਨਾ ਕੀਤਾ ਜਦੋਂਕਿ ਇੱਕ ਮੁਲਜ਼ਮ ਸਾਬਕਾ ਥਾਣੇਦਾਰ ਭੁਪਿੰਦਰ ਸਿੰਘ ਨੂੰ ਭਗੌੜਾ ਐਲਾਨਿਆ ਗਿਆ। ਅਦਾਲਤ ਨੇ ਉਨ੍ਹਾਂ ਨੂੰ ਸਿੱਖ ਨੌਜਵਾਨਾਂ ਖ਼ਿਲਾਫ਼ ਸਾਜ਼ਿਸ਼ ਰਚਣ, ਕਤਲ ਕਰਨ ਮਗਰੋਂ ਰਿਕਾਰਡ ਖੁਰਦ-ਬੁਰਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਪੀੜਤ ਪਰਿਵਾਰਾਂ ਵੱਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਸਰਬਜੀਤ ਸਿੰਘ ਵੇਰਕਾ, ਜਗਜੀਤ ਸਿੰਘ ਬਾਜਵਾ ਅਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਸੀਬੀਆਈ ਨੇ 2000 ਵਿੱਚ ਕੁੱਲ ਅੱਠ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਨ੍ਹਾਂ 'ਚੋਂ ਚਾਰ ਮੁਲਜ਼ਮਾਂ ਸਾਬਕਾ ਸਬ ਇੰਸਪੈਕਟਰ ਅਮਰੀਕ ਸਿੰਘ ਤੇ ਰਾਮ ਲੁਭਾਇਆ, ਹੌਲਦਾਰ ਸਤਵੀਰ ਸਿੰਘ ਅਤੇ ਦਲਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੇ ਫਰਜ਼ੀ ਮੁਕਾਬਲਾ ਦਿਖਾ ਕੇ ਹਰਜੀਤ ਸਿੰਘ, ਲਖਵਿੰਦਰ ਸਿੰਘ ਉਰਫ਼ ਲੱਖਾ ਅਤੇ ਜਸਪਿੰਦਰ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਬਾਅਦ ਪੀੜਤ ਪਰਿਵਾਰ ਦੀ ਕਿਸੇ ਨੇ ਵੀ ਨਾ ਸੁਣੀ।

## ਕੇਜਰੀਵਾਲ ਦੇ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਬੇਰੁਜ਼ਗਾਰ ਅਧਿਆਪਕ ਹਿਰਾਸਤ 'ਚ ਲਏ

ਮਾਨਸਾ-ਪੰਜਾਬ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਸਕੂਲ ਆਫ਼ ਐਮੀਨੈਂਸ ਦਾ ਅੱਜ ਉਦਘਾਟਨ ਕਰਨ ਤੋਂ ਪਹਿਲਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਸ੍ਰੀ ਕੇਜਰੀਵਾਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨਾਲ ਮਿਲਕੇ ਸਕੂਲ ਦਾ ਉਦਘਾਟਨ ਨੂੰ ਕਰਨਾ ਹੈ। ਸਮਾਗਮ ਲਈ ਪੰਜਾਬ ਸਰਕਾਰ ਵਲੋਂ ਇਕੱਠ ਕਰਨ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ। ਇਸ ਸਮਾਗਮ ਵਿਚ ਖ਼ਲਲ ਪੈਣ ਦੇ ਖਦਸ਼ੇ ਕਾਰਨ ਪੰਜਾਬ ਪੁਲੀਸ ਨੇ ਬੇਰੁਜ਼ਗਾਰ ਅਧਿਆਪਕ ਆਗੂਆਂ ਨੂੰ ਹਿਰਾਸਤ ਲੈ ਲਿਆ। ਇਨ੍ਹਾਂ ਅਧਿਆਪਕਾਂ ਵਿਚ ਮਾਨਸਾ ਤੋਂ 646 ਬੇਰੁਜ਼ਗਾਰ ਪੀਟੀਆਈ ਅਧਿਆਪਕ ਯੂਨੀਅਨ ਦੇ ਪ੍ਰਧਾਨ ਗੁਰਲਾਭ ਸਿੰਘ ਨੂੰ ਵੱਡੇ ਤੜਕੇ ਉਸ ਦੇ ਮਾਨਸਾ ਜ਼ਿਲ੍ਹੇ ਵਿੱਚ ਸਥਿਤ ਪਿੰਡ ਹਾਕਮ ਵਾਲਾ ਤੋਂ ਹਿਰਾਸਤ ਲਿਆ ਗਿਆ ਹੈ। ਮਾਨਸਾ ਤੋਂ ਹੀ ਅਧਿਆਪਕ ਆਗੂ ਸਿੱਪੀ ਸ਼ਰਮਾ ਨੂੰ ਪੁਲੀਸ ਨੇ ਸਵੇਰੇ ਸਵੇਰੇ ਘਰ ਤੋਂ ਹਿਰਾਸਤ ਵਿਚ ਲਿਆ ਗਿਆ ਹੈ। ਇਹ ਸਿੱਪੀ ਸ਼ਰਮਾ ਉਹ ਲੜਕੀ ਹੈ, ਜਿਸ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਮੁਹਾਲੀ ਵਿਖੇ ਧਰਨੇ ਵਿੱਚ ਪੁੱਜ ਕੇ ਮੂੰਹ ਬੋਲੀ ਭੈਣ ਕਿਹਾ ਸੀ। ਸਿੱਪੀ ਸ਼ਰਮਾ ਦੀ ਮਾਤਾ ਕਮਲਜੀਤ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਹਕੂਮਤਾਂ ਵਲੋਂ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦੇਣੀਆਂ ਤਾਂ ਝੂਠੇ ਵਾਅਦੇ ਨਹੀਂ ਕਰਨੇ ਚਾਹੀਦੇ ਅਤੇ ਨਾ ਹੀ ਹੱਕ ਮੰਗਦੇ ਬੱਚਿਆਂ ਨੂੰ ਹਿਰਾਸਤ ਵਿਚ ਲੈਣਾ ਚਾਹੀਦਾ ਹੈ।




Special 50% OFF for Students in Designated Sections
Contact : Ishmeet Chahal 604.724.5032




# ਗਰਭਵਤੀ ਔਰਤਾਂ ਦੀ ਦੇਖਭਾਲ



1. **ਗਰਭਵਤੀ ਔਰਤ ਨੂੰ ਹਰ ਮਹੀਨੇ ਘੱਟੋ-ਘੱਟ ਇਕ ਵਾਰੀ ਆਪਣੀ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ।**
2. ਆਸ਼ਾ ਵਰਕਰਾਂ ਤੇ ਏ. ਐਨ. ਐਮ. ਨੂੰ ਹਦਾਇਤਾਂ ਹਨ ਕਿ ਉਹ ਗਰਭਵਤੀ ਔਰਤਾਂ ਨੂੰ ਇਨ੍ਹਾਂ ਸੁਰੱਖਿਅਤ ਕੈਂਪਾਂ ਵਿਚ ਲੈ ਕੇ ਆਉਣ ਤਾਂ ਕਿ ਉਨ੍ਹਾਂ ਨੂੰ ਜਣੇਪੇ ਵੇਲੇ ਕੋਈ ਮੁਸ਼ਕਿਲ ਪੇਸ਼ ਨਾ ਆਵੇ।
3. ਜੇਕਰ ਮਹਿਲਾ ਡਾਕਟਰ (ਗਾਈਨੀਕੋਲੋਜਿਸਟ) ਔਰਤ ਦੇ ਚੈਕਅੱਪ ਤੋਂ ਬਾਅਦ ਬੈੱਡ-ਰੈਸਟ ਦੀ ਹਦਾਇਤ ਕਰਦੀ ਹੈ ਤਾਂ ਉਸ ਦੀ ਪਾਲਣਾ ਕਰਨੀ ਜ਼ਰੂਰੀ ਹੈ, ਨਹੀਂ ਤਾਂ ਗਰਭਵਤੀ ਮਹਿਲਾ ਦਾ ਗਰਭਪਾਤ ਹੋ ਸਕਦਾ ਹੈ।
4. ਇਸ ਸਮੇਂ ਦੌਰਾਨ ਔਰਤ ਨੂੰ ਤਣਾਅ ਮੁਕਤ ਰਹਿਣਾ ਚਾਹੀਦਾ ਹੈ, ਉਸ ਨਾਲ ਡਰਾਉਣੀਆਂ ਤੇ ਵਹਿਮ ਵਿਚ ਪਾਉਣ ਵਾਲੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਹਨ।
5. ਮੁੰਡੇ ਹੋਣ ਲਈ ਕੋਈ ਵੀ ਦਵਾਈ ਨਹੀਂ ਹੈ। ਅਜਿਹੀਆਂ ਫਰਜ਼ੀ ਦਵਾਈਆਂ ਭਰੂਣ 'ਤੇ ਮਾੜਾ ਅਸਰ ਪਾਉਂਦੀਆਂ ਹਨ।
6. ਪ੍ਰੈਗਨੈਂਸੀ ਪਲਾਨ ਕਰਨ ਤੋਂ ਪਹਿਲਾਂ ਹੀ ਹੈਪੇਟਾਈਟਿਸ-ਬੀ, ਸਰਵਾਈਕਲ ਕੈਂਸਰ, ਰੂਬੇਲਾ ਤੇ ਟੈਟਨਸ ਦੇ ਬਚਾਓ ਟੀਕੇ ਲਗਵਾਉਣੇ ਚਾਹੀਦੇ ਹਨ।
7. ਗਰਭਵਤੀ ਔਰਤ ਨੂੰ ਸਹੀ ਮਾਤਰਾ ਵਿਚ ਪੌਸ਼ਟਿਕ ਭੋਜਨ ਗ੍ਰਹਿਣ ਕਰਨ ਦੀ ਲੋੜ ਹੁੰਦੀ ਹੈ। ਬੇਲੋੜੇ ਖਾਣੇ ਤੋਂ ਬਚਣਾ ਚਾਹੀਦਾ ਹੈ।
8. ਪਹਿਲੇ ਤਿੰਨ ਮਹੀਨੇ ਹਮੇਸ਼ਾ ਉਲਟੀ ਆਉਣ ਵਾਲਾ ਮਨ ਬਣਿਆ ਰਹਿੰਦਾ ਹੈ, ਜਿਸ ਕਰਕੇ ਭੁੱਖ ਮਰ ਜਾਂਦੀ ਹੈ। ਇਹ ਇਕ ਕੁਦਰਤੀ ਪ੍ਰਕਿਰਿਆ ਹੈ, ਡਰਨ ਵਾਲੀ ਕੋਈ ਗੱਲ ਨਹੀਂ ਹੈ।
9. ਪ੍ਰੈਗਨੈਂਸੀ ਦੌਰਾਨ ਕੋਈ ਵੀ ਬੇਲੋੜਾ ਐਕਸਰੇ, ਦਰਦ ਨਿਵਾਰਕ ਦਵਾਈਆਂ, ਦੇਸੀ ਦਵਾਈਆਂ ਦੀ ਵਰਤੋ ਨਹੀਂ ਕਰਨੀ ਚਾਹੀਦੀ।
10. ਇਸ ਦੌਰਾਨ ਸਹੀ ਕੱਪੜਿਆਂ ਦੀ ਚੋਣ ਤੁਹਾਨੂੰ ਘੁਟਣ ਮਹਿਸੂਸ ਨਹੀਂ ਹੋਣ ਦਿੰਦੀ। ਚਮਕੀਲੇ ਅਤੇ ਚੁੱਭਣ ਵਾਲੇ ਕੱਪੜਿਆਂ ਦੀ ਥਾਂ ਸੂਤੀ ਕੱਪੜਿਆਂ ਦੀ ਚੋਣ ਕਰਨੀ ਚਾਹੀਦੀ ਹੈ।

### ਗਰਭਵਤੀ ਔਰਤਾਂ ਦੀਆਂ ਆਮ ਤਕਲੀਫਾਂ

ਸਿਰਦਰਦ, ਜੀਅ ਮਚਲਾਉਣਾ, ਛਾਤੀ ਵਿਚ ਜਲਣ, ਪੇਟ ਦਰਦ, ਪਿੱਠ ਦਰਦ, ਬਵਾਸੀਰ, ਲੱਤਾਂ ਵਿਚ ਦਰਦ, ਕਮਜ਼ੋਰੀ, ਕਬਜ਼, ਖ਼ੂਨ ਦੀ ਕਮੀ, ਪਿਸ਼ਾਬ ਸਬੰਧੀ ਤਕਲੀਫਾਂ ਆਦਿ ਹਨ। ਇਹ ਸਾਰੀਆਂ ਤਕਲੀਫਾਂ ਬੱਚੇਦਾਨੀ ਦੇ ਆਕਾਰ ਵਿਚ ਵਾਧਾ ਹੋਣ ਕਰਕੇ ਹੁੰਦੀਆਂ ਹਨ ਜਾਂ ਫਿਰ ਇਸ ਦਾ ਕਾਰਨ ਹੋਰ ਵੀ ਹੋ ਸਕਦਾ ਹੈ।



### ਕੁਝ ਗੰਭੀਰ ਤਕਲੀਫਾਂ

1. ਮਲੇਰੀਆ ਜਾਂ ਵਾਇਰਲ ਬੁਖਾਰ, 2. ਅਚਾਨਕ ਯੋਨੀ ਰਸਤੇ ਖ਼ੂਨ ਜਾਂ ਪਾਣੀ ਪੈਣਾ, 3. ਬੱਚੇ ਦੀ ਹਿਲਜੁਲ ਮਹਿਸੂਸ ਨਾ ਹੋਣਾ, 4. ਪ੍ਰੈਗਨੈਂਸੀ ਫੈਲੋਪਿਅਨ ਟਿਊਬ ਵਿਚ ਹੋਣਾ, ਚਿਹਰੇ ਤੇ ਪੈਰਾਂ 'ਤੇ ਜ਼ਿਆਦਾ ਸੋਜਸ਼ ਹੋ ਜਾਣਾ, 5. ਚੱਕਰ ਆਉਣੇ, ਖ਼ੂਨ ਦੇ ਦਬਾਅ ਦਾ ਵਧਣਾ, 6. ਪੇਟ ਦਾ ਲੋੜ ਤੋਂ ਜ਼ਿਆਦਾ ਤੇ ਘੱਟ ਦਿਖਾਈ ਦੇਣਾ, 7. ਪੇਟ ਦਰਦ ਤੇ ਪੇਟ ਗੈਸ ਦਾ ਹੋਣਾ।

### ਗਰਭਵਤੀ ਔਰਤਾਂ ਦਾ ਖਾਣ-ਪੀਣ

1. ਗਰਭਵਤੀ ਔਰਤ ਨੂੰ ਪੌਸ਼ਟਿਕ ਭੋਜਨ ਲੈਣਾ ਚਾਹੀਦਾ ਹੈ, ਜਿਸ ਵਿਚ ਛੋਲੇ, ਪਾਲਕ, ਦਾਲਾਂ, ਗੁੜ ਚਨਾ, ਮੇਥੀ, ਬਾਥੂ, ਸ਼ਲਗਮ, ਗਾਜਰ, ਮੂਲੀ, ਟਮਾਟਰ ਤੇ ਸਬਜ਼ੀਆਂ ਤੇ ਆਂਡਾ ਵੀ ਲੈ ਸਕਦੀਆਂ ਹਨ। 2. ਗਰਭਵਤੀ ਔਰਤਾਂ ਨੂੰ ਆਇਰਨ, ਫੋਲਿਕ ਐਸਿਡ, ਕੈਲਸ਼ੀਅਮ ਲੈਣਾ ਚਾਹੀਦਾ ਹੈ। ਇਹ ਦਵਾਈਆਂ ਸਾਰੇ ਸਰਕਾਰੀ ਹਸਪਤਾਲਾਂ ਤੋਂ ਮੁਫ਼ਤ ਮਿਲਦੀਆਂ ਹਨ। 3. ਸ਼ਰਾਬ, ਸਿਗਰਟ ਤੇ ਕੈਫੀਨ ਦੀ ਵਰਤੋਂ ਘਾਤਕ ਹੋ ਸਕਦੀ ਹੈ।

### ਜ਼ਰੂਰੀ ਸੁਝਾਅ

1. ਹਰ ਮਹੀਨੇ ਗਰਭਵਤੀ ਔਰਤ ਦਾ 2 ਕਿਲੋ ਭਾਰ ਵਧਣਾ ਜ਼ਰੂਰੀ ਹੈ। 2. ਇਸ ਦੌਰਾਨ ਇਨਫੈਕਸ਼ਨ ਤੋਂ ਬਚਣਾ ਚਾਹੀਦਾ ਹੈ। 3. ਪੰਜਵੇਂ ਮਹੀਨੇ ਗਰਭਵਤੀ ਔਰਤ ਨੂੰ ਅਲਟਰਾਸਾਊਂਡ ਦੀ ਵਿਸ਼ੇਸ਼ ਲੋੜ ਹੈ, ਕਿਉਂਕਿ ਇਸ ਦੌਰਾਨ ਗਰਭਵਤੀ ਔਰਤ ਦੇ ਪੇਟ ਵਿਚ ਬੱਚੇ ਦੇ ਜਮਾਂਦਰੂ ਵਿਕਾਰ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ। 4. ਇਸ ਦੌਰਾਨ ਸੱਟ-ਫੇਟ ਤੋਂ ਬਚਣਾ ਚਾਹੀਦਾ ਹੈ। ਉੱਚੀ ਅੱਡੀ ਵਾਲੀ ਸੈਂਡਲ, ਹਵਾਈ ਸਫਰ ਤੇ ਕਾਰ ਦਾ ਸਫਰ ਨਹੀਂ ਕਰਨਾ ਚਾਹੀਦਾ। 5. ਡਿਲੀਵਰੀ ਜਾਂ ਸਜੇਰੀਅਨ ਆਪ੍ਰੇਸ਼ਨ ਸਰਕਾਰੀ ਹਸਪਤਾਲ ਜਾਂ ਫਿਰ ਉਥੇ ਕਰਵਾਉਣੇ ਚਾਹੀਦੇ ਹਨ, ਜਿੱਥੇ ਜਣੇਪੇ ਦੀਆਂ ਪੂਰੀਆਂ ਸਹੂਲਤਾਂ ਹੋਣ। ਡਿਲੀਵਰੀ ਹੋਣ ਤੋਂ ਬਾਅਦ ਮਾਂ ਦੀ ਬੱਚੇ ਪ੍ਰਤੀ ਹੋਰ ਵੀ ਜ਼ਿੰਮੇਵਾਰੀ ਵਧ ਜਾਂਦੀ ਹੈ। ਇਸ ਲਈ ਗੁੜ੍ਹਤੀ, ਨਜ਼ਰ ਦਾ ਟਿੱਕਾ ਲਗਵਾਉਣ ਨਾਲੋਂ ਜ਼ਿਆਦਾ ਜ਼ਰੂਰੀ ਹੈ ਨਵਜੰਮੇ ਬੱਚੇ ਨੂੰ ਜਿੰਨੀ ਜਲਦੀ ਹੋ ਸਕੇ, ਮਾਂ ਦਾ ਦੁੱਧ ਦੇਣਾ ਤੇ ਬੱਚੇ ਦੇ ਲੱਗਣ ਵਾਲੇ ਮਹੱਤਵਪੂਰਨ ਟੀਕੇ ਲਗਵਾਉਣਾ। ਇਹੀ ਅਸਲੀ ਮਾਤਰੀਤਵ ਹੈ, ਜਿਸ ਦੀ ਲੋੜ ਹਰ ਗਰਭਵਤੀ ਔਰਤ ਨੂੰ ਹੈ, ਤਾਂ ਕਿ ਉਸ ਦਾ ਬੱਚਾ ਤੰਦਰੁਸਤ ਰਹੇ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417
5-8430 128TH ST.
SURREY, BC
V3W 4G3
MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414
4038 KNIGHT ST.
VANCOUVER, BC
V5N 5Y7
MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan

OPEN 7 DAYS

www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$11.99 bag
EXTRA SUPER SUPER SPECIAL
BC Hot Chili Peppers
ਬੀਸੀ ਕੌੜੀਆਂ ਮਿਰਚਾਂ
$1.79 lb
Cilantro
ਧਣੀਆ
2 bunches for $1.50
SUPER SPECIAL
Round Tomatoes
ਗੋਲ ਟਮਾਟਰ
99¢ lb
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.98 lb
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Sher Multigrain Atta 10 lbs
ਸ਼ੇਰ ਮਲਟੀਗ੍ਰੇਨ ਅੱਟਾ
$9.99 bag
SUPER SPECIAL
Seedless Watermelon
ਬਿਨਾਂ ਬੀਜ ਹਦਵਾਣਾ
$4.98 ea.
SUPER SPECIAL
Russet Potatoes Snoboy 10lbs
ਆਲੂ ਰਸਟ ਸਨੋਬੁਆਏ
$4.98 bag
Almonds #1
ਬਦਾਮ
$3.98 lb
Red Lentil Whole
ਮਸਰਾ ਦੀ ਸਾਬਤ ਦਾਲ
78¢ lb
Daikon (Moli) BC
ਮੂਲੀ ਬੀਸੀ
99¢ lb
Green, Red, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
Green Cabbage
ਹਰੀ ਬੰਦ ਗੋਭੀ
59¢ lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Chickpeas
ਚਿੱਟੇ ਛੋਲੇ
99¢ lb
Zucchini Squash
ਜ਼ੁਕੀਨੀ ਸਕੁਐਸ਼
89¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
$1.29 lb
Gala Apples USA #1
ਗਾਲਾ ਸੇਬ ਯੂ.ਐਸ. #੧
$1.29 lb
Chana Dal & Red Lentil Whole, Red Lentil Split 4 lbs (Indican)
ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.98 bag
Royal Basmati Rice 10lbs
ਰੋਏਲ ਬਾਸਮਤੀ ਚੌਲ
$9.98 bag
Rapini (Sarson da Saag)
ਸਰਸੋਂ ਦਾ ਸਾਗ
$2.49 bunch
BC Carrots
ਗਾਜਰਾਂ ਬੀ ਸੀ
88¢ lb
Long Eggplants
ਲੰਬੇ ਬਤਾਊਂ
$1.49 lb
Spinach
ਪਾਲਕ
$1.49 bunch
Tata Tea 220's
ਟਾਟਾ ਚਾਹ
$6.99 pkg.
Thur Sep 14, 2023 - Wed Sep 20, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------ 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St.------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd.---------------- 604-244-9520